# ਨਗਰ ਨਿਗਮ ਜਲੰਧਰ

# ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ

# ਮਿਤੀ **23.01.2020**

# ਦੀ ਕਾਰਵਾਈ

(ਮਤਾ ਨੰ: **20-33**)

ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 23.01.2020 ਨੂੰ ਮੇਅਰ ਜੀ ਦੇ ਦਫਤਰ, ਨਗਰ ਨਿਗਮ ਵਿਖੇ, ਉਹਨਾਂ ਦੀ ਪ੍ਰਧਾਨਗੀ ਹੇਠ ਹੋਈ, ਦੀ ਕਾਰਵਾਈ।

ਮੀਟਿੰਗ ਵਿਚ ਹੇਠ ਲਿਖੇ ਅਨੁਸਾਰ ਹਾਜਰ ਹੋਏ:–

1. ਸ਼੍ਰੀ ਜਗਦੀਸ਼ ਰਾਜ ਰਾਜਾ, ਮੇਅਰ ................................ ਚੇਅਰਮੈਨ
2. ਸ਼੍ਰੀ ਦਿਪਰਵਾ ਲਾਕਰਾ, ਆਈ.ਏ.ਐਸ., ਕਮਿਸ਼ਨਰ, ............. ਮੈਂਬਰ
3. ਸ਼੍ਰੀਮਤੀ ਸੁਰਿੰਦਰ ਕੌਰ, ਸੀਨੀਅਰ ਡਿਪਟੀ ਮੇਅਰ, ............. ਮੈਂਬਰ
4. ਸ਼੍ਰੀ ਗੁਰਵਿੰਦਰਪਾਲ ਸਿੰਘ ਬੰਟੀ ਨੀਲਕੰਠ, ਕੌਂਸਲਰ .............. ਮੈਂਬਰ

ਮੀਟਿੰਗ ਸ਼ੁਰੂ ਹੋਣ ਤੇ ਮੇਅਰ ਜੀ ਨੇ ਰੈਗੂਲਰ ਅਜੰਡੇ ਦੀਆਂ ਮੱਦਾਂ ਲੜੀਵਾਰ ਪੜ੍ਹਨ ਦੇ ਆਦੇਸ਼ ਦਿੱਤੇ ।

ਸਹੀ/– ਜਗਦੀਸ਼ ਰਾਜ ਰਾਜਾ, ਮੇਅਰ
23.1.2020

**ਮਤਾ ਨੰਬਰ:–20**

ਵਿਸ਼ਾ:– ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਹੋਈ ਮੀਟਿੰਗ ਮਿਤੀ 8.1.2020 ਦੀ ਪੁਸ਼ਟੀ ਬਾਰੇ।

ਨਗਰ ਨਿਗਮ, ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 8.1.2020 ਨੂੰ ਮੇਅਰ ਜੀ ਦੇ ਦਫਤਰ ਨਗਰ ਨਿਗਮ ਜਲੰਧਰ ਵਿਖੇ ਹੋਈ, ਦੀ ਕਾਰਵਾਈ ਜੋ ਕੌਂਸਲਰ/ਮੈਂਬਰ ਸਹਿਬਾਨ ਨੂੰ ਭੇਜੀ ਜਾ ਚੁੱਕੀ ਹੈ, ਪੁਸ਼ਟੀ ਹਿਤ ਪੇਸ਼ ਹੈ।

ਫੈਸਲਾ ਮਤਾ ਨੰ:20

- ਮਿਤੀ 8.1.2020 ਦੀ ਵਿੱਤ ਅਤੇ ਠੇਕਾ ਕਮੇਟੀ ਵਲੋਂ ਫੈਸਲਾ ਹੋਇਆ ਸੀ ਕਿ ਪਿਛਲੀਆਂ ਟਰਾਲੀਆਂ ਨੂੰ ਐਨ.ਆਈ.ਟੀ. ਦੀਆਂ ਸ਼ਰਤਾਂ ਅਨੁਸਾਰ ਲਗਾਏ ਗਏ ਜੁਰਮਾਨੇ ਸਬੰਧੀ ਫੈਸਲਾ ਹੋਇਆ ਸੀ ਕਿ ਸੱਤ ਦਿਨਾਂ ਦੇ ਅੰਦਰ–ਅੰਦਰ 100% ਬਿਲ ਪੇਸ਼ ਕੀਤੇ ਜਾਣ ਨਹੀਂ ਤਾਂ ਜਿਹੜੇ ਬਿਲ ਪੇਸ਼ ਕੀਤੇ ਗਏ ਹਨ ਜਾਂ ਪੇਸ਼ ਕੀਤੇ ਜਾਣਗੇ ਉਹਨਾਂ ਬਿਲਾਂ ਨੂੰ ਹੀ ਫਾਈਨਲ ਮੰਨ ਕੇ ਐਨ.ਆਈ.ਟੀ. ਦੀਆਂ ਸ਼ਰਤਾਂ ਅਨੁਸਾਰ ਬਣਦਾ ਜੁਰਮਾਨਾ ਕੱਟ ਲਿਆ ਜਾਵੇਗਾ।ਕਮਿਸ਼ਨਰ ਜੀ ਨੇ ਦੱਸਿਆ ਕਿ ਜਿਹੜੇ ਬਿਲ ਪੇਸ਼ ਕੀਤੇ ਗਏ ਹਨ, ਉਹਨਾਂ ਨੂੰ ਘੋਖਣ ਹਿੱਤ ਇੱਕ ਤਿੰਨ ਮੈਂਬਰੀ ਕਮੇਟੀ ਬਨਾਈ ਗਈ ਹੈ ਜਿਸ ਤੇ ਵਿੱਤ ਅਤੇ ਠੇਕਾ ਕਮੇਟੀ ਵਲੋਂ ਫੈਸਲਾ ਲਿਆ ਗਿਆ ਕਿ ਉਸ ਕਮੇਟੀ ਵਿੱਚ ਸੀਨਿਅਰ ਡਿਪਟੀ ਮੇਅਰ, ਡਿਪਟੀ ਮੇਅਰ ਅਤੇ ਸ਼੍ਰੀ ਗੁਰਵਿੰਦਰ ਪਾਲ ਸਿੰਘ ਬੰਟੀ ਨੀਲਕੰਠ, ਮੈਂਬਰ ਨੂੰ ਵੀ ਸ਼ਾਮਲ ਕੀਤਾ ਜਾਵੇ ।
- ਮਿਤੀ 8.1.2020 ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੱਦ ਨੰ: 7 ਸਬੰਧੀ ਮੇਅਰ ਜੀ ਵਲੋਂ ਐਸ.ਈ. (ਬੀ ਐਂਡ ਆਰ) ਨੂੰ ਇਹ ਮਿਸਲ ਦੇ ਕੇ ਕਿਹਾ ਕਿ ਉਹਨਾਂ ਵਲੋਂ ਇਹ ਮੌਕਾ ਵੇਖਿਆ ਗਿਆ ਹੈ ਅਤੇ ਫੋਟੋਆਂ ਵੀ ਖਿਚਵਾਈਆਂ ਗਈਆਂ ਹਨ । ਸਬੰਧਤ ਐਸ.ਡੀ.ਓ. ਅਤੇ ਜੇ.ਈ. ਨੇ ਪਹਿਲਾਂ ਤਖ਼ਮੀਨਾ ਬਨਾਉਣ ਵੇਲੇ ਇਹ ਗਲੀਆਂ ਕਿਉਂ ਨਹੀਂ ਲਈਆਂ ਗਈਆਂ। ਉਹਨਾਂ ਐਸ.ਈ. (ਬੀ ਐਂਡ ਆਰ) ਨੂੰ ਦੋਬਾਰਾ ਇਸ ਸਬੰਧੀ ਘੋਖ ਕਰਕੇ ਰਿਪੋਰਟ ਅਗਲੀ ਮੀਟਿੰਗ ਵਿੱਚ ਪੇਸ਼ ਕਰਨ ਲਈ ਹਦਾਇਤ ਕੀਤੀ ।
- ਮਿਤੀ 8.1.2020 ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੱਦ ਨੰ: 18 ਸਬੰਧੀ ਟੈਂਡਰਾਂ ਨੂੰ ਪ੍ਰਵਾਨ ਕੀਤਾ ਜਾਂਦਾ ਹੈ ।
- ਮਿਤੀ 8.1.2020 ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੱਦ ਨੰ: 19 ਸਬੰਧੀ ਟੈਂਡਰਾਂ ਨੂੰ ਰੱਦ ਕੀਤਾ ਜਾਂਦਾ ਹੈ ਅਤੇ ਇਹ ਵੀ ਫੈਸਲਾ ਹੋਇਆ ਕਿ ਇਸ ਕੰਮ ਦੇ ਦੋਬਾਰਾ ਟੈਂਡਰ ਮੰਗੇ ਜਾਣ।

ਉਪਰੋਕਤ ਪ੍ਰੇਖਣਾਂ ਨਾਲ ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ।

ਸਹੀ/–ਜਗਦੀਸ਼ ਰਾਜ ਰਾਜਾ, ਮੇਅਰ
23.1.2020

**ਮਤਾ ਨੰਬਰ:-21**
ਵਿਸ਼ਾ:- ਬੀ. ਐਂਡ ਆਰ. ਸ਼ਾਖਾ ਦੇ ਟੈਂਡਰਾਂ ਦੀ ਪ੍ਰਵਾਨਗੀ ਸਬੰਧੀ।(ਯੂ.ਈ.ਆਈ.ਪੀ. ਗ੍ਰਾਂਟ)

ਪੜਿਆ ਨੋਟ ਟੈਂਡਰ ਸੈਲ (ਬੀ ਐਂਡ ਆਰ) ਸ਼ਾਖਾ ਜਿਸ ਨਾਲ ਕਾਰਜਕਾਰੀ ਇੰਜੀਨਿਅਰ (ਬੀ ਐਂਡ ਆਰ) ਨੇ ਸਿਫਾਰਸ਼ ਕੀਤੀ ਹੈ ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਦੇ ਤਖਮੀਨੇ ਬੀ. ਐਂਡ ਆਰ. ਸ਼ਾਖਾ ਵੱਲੋਂ ਤਿਆਰ ਕੀਤੇ ਗਏ ਸਨ ਜਿਨ੍ਹਾਂ ਦੀ ਮੰਜੂਰੀ ਮਾਨਯੋਗ ਮੇਅਰ ਜੀ ਨੇ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਪ੍ਰਵਾਨਗੀ ਦਿੱਤੀ ਸੀ, ਨਗਰ ਨਿਗਮ ਹਾਊਸ ਵਲੋਂ ਇਹਨਾਂ ਤਖ਼ਮੀਨਿਆਂ ਬਾਅਦ ਵਿੱਚ ਅੰਤਮ ਪ੍ਰਵਾਨਗੀ ਦਿੱਤੀ ਜਾ ਚੁੱਕੀ ਹੈ । ਜਿਹਨਾਂ ਦੇ ਟੈਂਡਰ ਪ੍ਰਾਪਤ ਕੀਤੇ ਜਾ ਚੁੱਕੇ ਹਨ। ਜਿਹਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

*ਰੁਪਏ ਲੱਖਾਂ ਵਿੱਚ*

| Sr. No. | W. No. | Name of Work | Est. Amt. | BOQ/ Sanctioned Amt. | Saving %age | Tender Amt. | Name of Agency | Tender called (No. of Times) | No. of Tenders Received |
|---|---|---|---|---|---|---|---|---|---|
| 1 | Gen | Const. of various streets Raja Garden | 7.09 | 7.09 | 24.99 | 5.32 | Vishal Govt. Contractor | 2nd Time | 04 |
| 2 | Gen | Const. of CC flooring in Prem nagar near Lamba pind chowk. | 20.30 | 20.30 | 16.61 | 16.93 | Joginder Enterprises | 2nd time | 05 |
| 3 | Gen | Const. of CC road at New Amardass nagar near Gill Property. | 14.68 | 14.68 | 15.13 | 12.46 | New Amar LC Society | 2nd Time | 04 |
| 4 | Gen | Const. of CC street in Sanjay Gandhi Nagar. | 18.54 | 18.54 | 14.93 | 15.77 | New Amar LC Society | 2nd Time | 08 |
| 5 | Gen | Const. of various streets of Rajan Nagar. | 23.66 | 23.66 | 12.93 | 20.60 | New Amar LC Society | 2nd Time | 04 |
| 6 | Gen | Const. of CC streets at Baba Balak Nath Nagar. | 14.08 | 14.08 | 8.25 | 12.92 | Vipan Jain | 2nd Time | 03 |
| 7 | Gen | Const. of CC road in Bank Colony. | 19.47 | 19.47 | 8.25 | 17.86 | Vipan Jain | 2nd time | 07 |
| 8 | Gen | Const. of CC street near Salempur Muslmana. | 3.88 | 3.88 | 7.58 | 3.59 | Avtar Singh | 2nd Time | 03 |
| 9 | Gen | Const. of CC streets near Jinda Pind. | 9.17 | 9.17 | 7.55 | 8.48 | Avtar Singh. | 2nd Time | 03 |
| 10 | Gen | Development of park at Anand Nagar backside Gurudwara. | 7.77 | 7.77 | 4.25 | 7.44 | Vipan Jain | 2nd time | 03 |

ਉਪਰੋਕਤ ਕੰਮਾਂ ਦੇ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਹਿੱਤ ਪੇਸ਼ ਹਨ। ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਸ਼ਾਖਾ ਨੇ ਵੱਖ ਵੱਖ ਮਿਤੀਆਂ ਰਾਹੀਂ ਇਨ੍ਹਾਂ ਟੈਂਡਰਾਂ ਸਬੰਧੀ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਵਿਚਾਰਣ ਅਤੇ ਪ੍ਰਵਾਨਗੀ ਲਈ ਸਿਫਾਰਸ਼ ਕੀਤੀ ਹੈ।

ਮਾਨਯੋਗ ਮੇਅਰ ਜੀ ਦੇ ਆਦੇਸਾਂ ਰਾਹੀਂ ਉਕਤ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ ।

ਫੈਸਲਾ :

ਵਿਚਾਰਣ ਉਪਰੰਤ ਇਹ ਮੱਦ ਲੰਬਿਤ ਰੱਖੀ ਜਾਂਦੀ ਹੈ। ਇਹ ਵੀ ਫੈਸਲਾ ਹੋਇਆ ਕਿ ਇਹਨਾਂ ਕੰਮਾਂ ਦੇ ਵਾਰਡ ਨੰਬਰ ਸਹੀ ਕਰਕੇ ਦੋਬਾਰਾ ਅਗਲੀ ਮੀਟਿੰਗ ਵਿੱਚ ਇਹ ਟੈਂਡਰ ਵਿਚਾਰਣ ਹਿਤ ਪੇਸ਼ ਕੀਤੇ ਜਾਣ ।

ਸਹੀ/-ਜਗਦੀਸ਼ ਰਾਜ ਰਾਜਾ,
ਮੇਅਰ
23.1.2020

ਮਤਾ ਨੰਬਰ:-22

ਵਿਸ਼ਾ:- ਬੀ. ਐਂਡ ਆਰ. ਸ਼ਾਖਾ ਦੇ ਟੈਂਡਰਾਂ ਦੀ ਪ੍ਰਵਾਨਗੀ ਸਬੰਧੀ।

ਪੜਿਆ ਨੋਟ ਟੈਂਡਰ ਸੈਲ (ਬੀ ਐਂਡ ਆਰ) ਸ਼ਾਖਾ ਜਿਸ ਨਾਲ ਕਾਰਜਕਾਰੀ ਇੰਜੀਨਿਅਰ (ਬੀ ਐਂਡ ਆਰ) ਨੇ ਸਿਫਾਰਸ਼ ਕੀਤੀ ਹੈ ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਦੇ ਤਖਮੀਨੇ ਬੀ. ਐਂਡ ਆਰ. ਸ਼ਾਖਾ ਵੱਲੋਂ ਤਿਆਰ ਕੀਤੇ ਗਏ ਸਨ ਜਿਨ੍ਹਾਂ ਦੀ ਮੰਜੂਰੀ ਮਾਨਯੋਗ ਮੇਅਰ ਜੀ ਨੇ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਪ੍ਰਵਾਨਗੀ ਦਿੱਤੀ ਸੀ ਅਤੇ ਜਿਹਨਾਂ ਦੇ ਟੈਂਡਰ ਪ੍ਰਾਪਤ ਕੀਤੇ ਜਾ ਚੁੱਕੇ ਹਨ।ਨਗਰ ਨਿਗਮ ਹਾਊਸ ਵਲੋਂ ਇਹਨਾਂ ਤਖ਼ਮੀਨਿਆਂ ਬਾਅਦ ਵਿੱਚ ਅੰਤਮ ਪ੍ਰਵਾਨਗੀ ਦਿੱਤੀ ਜਾ ਚੁੱਕੀ ਹੈ। ਜਿਹਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

*ਰੁਪਏ ਲੱਖਾਂ ਵਿੱਚ*

| Sr. No. | W. No. | Name of Work | Est. Amt. | BOQ/ Sanctioned Amt. | Saving %age | Tender Amt. | Name of Agency | Tender called (No. of Times) | No. of Tenders Received |
|---|---|---|---|---|---|---|---|---|---|
| 1. | Gen | Repair and Renovation of area adjoining Sodal Mandir ahead of Sodal mela. | 13.10 | 13.10 | 5.25 | 12.40 | Vipan Jain | 5th Time | 01 |
| 2. | Gen | P/L BM & SDBC from Babu Jagjiwan Ram chowk to Basti Nau. | 43.63 | 43.63 | 4.90 | 41.49 | Bhushan Chhura & Co. | 3rd Time | 01 |
| 3. | Gen | P/L BM & SDBC on road of J.P. Nagar. | 44.70 | 44.70 | 4.90 | 42.51 | Bhushan Chhura & Co. | 3rd Time | 01 |
| 4. | Gen | P/L BM & SDBC from Kapurthala road to Leather complex pulley. | 47.24 | 46.54 | 4.90 | 44.26 | Bhushan Chhura & Co. | 3rd Time | 01 |
| 5. | 19 | P/L 50mm BM & 20mm PC on main road from Kamal Palace chowk to BSNL Exchange to D.C. office road. | 44.26 | 44.26 | 4.88 | 41.61 | Satish Aggarwal & Co. | 3rd Time | 01 |
| 6. | 09 | P/L SDBC on main road Shamshan Ghat, Raja Sahab road, Ladhewali Phirni. | 50.40 | 46.55 | 3.90 | 44.73 | Bhushan Chhura & Co. | 5th Time | 01 |
| 7. | Gen | P/L SDBC on Ashok Nagar main road. | 20.70 | 20.70 | 3.90 | 19.96 | Bhushan Chhura & Co. | 3rd Time | 01 |
| 8. | Gen | P/L BM & SDBC from Leather Complex pulley to Ghaklan pulley. | 48.61 | 48.28 | 3.90 | 46.40 | Bhushan Chhura & Co. | 3rd Time | 01 |
| 9. | Gen | P/L SDBC of Shehnai Palace road. | 38.06 | 38.06 | 3.90 | 36.57 | Bhushan Chhura & Co. | 3rd Time | 01 |
| 10. | Gen | P/L BM & SDBC 120' road to Shastri Nagar main road. | 40.94 | 40.94 | 3.90 | 39.34 | Bhushan Chhura & Co. | 3rd Time | 01 |
| 11. | Gen | P/L BM & PC from Kadia Village to Kala Sangha road. | 13.54 | 13.35 | 2.90 | 12.96 | Bhushan Chhura & Co. | 3rd Time | 01 |
| 12. | Gen | P/L SDBC on main road from Babrik chowk to Evening College. | 24.02 | 23.68 | 2.90 | 22.99 | Bhushan Chhura & Co. | 3rd Time | 01 |
| 13. | 63 | P/L BM & SDBC in roads in Globe Colony. | 22.15 | 22.15 | 2.90 | 21.51 | Bhushan Chhura & Co. | 5th Time | 01 |
| 14. | Gen | P/L BM & SDBC from Ghaklan pulley to Kadia village. | 34.71 | 34.26 | 2.90 | 33.27 | Bhushan Chhura & Co. | 3rd Time | 01 |
| 15. | Gen | Const. of various CC streets of Tagore Nagar. | 32.67 | 32.67 | 2.50 | 31.85 | Jaswinderjit Singh | 2nd Time | 03 |
| 16. | 45 | Renovation & Development of various park in W.No.45 | 4.95 | 4.95 | 2.01 | 4.85 | Parminder Singh, Govt. Contractor. | 3rd Time | 01 |
| 17. | 44 | Const. of Dump near Dussehra ground. | 13.26 | 13.26 | 2.01 | 12.99 | Parminder Singh, Govt. Contractor. | 5th Time | 01 |

| | | | | | | | | | |
|---|---|---|---|---|---|---|---|---|---|
| 18. | 27 | Const. of street with BM & PC in Model Town. | 49.45 | 49.45 | 1.08 | 48.92 | Satish Aggarwal & Co. | 3rd Time | 01 |
| 19. | 16 | Laying WBM & BM & PC in mohalla Guru Nanak Pura West. | 25.99 | 24.05 | 1.08 | 23.79 | Satish Aggarwal & Co. | 6th Time | 01 |
| 20. | Gen | P/L of SDBC on the road backside Passport Office Connecting Nakodar road to Lajpat Nagar. | 16.51 | 16.51 | 1.08 | 16.33 | Satish Aggarwal & Co. | 3rd Time | 01 |
| 21. | 51 | P/L of CC in streets of mohalla Pucca Bagh. | 30.46 | 30.46 | 1.00 | 30.16 | Jaswinderjit Singh | 3rd Time | 01 |

ਉਪਰੋਕਤ ਕੰਮਾਂ ਦੇ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਹਿੱਤ ਪੇਸ਼ ਹਨ। ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਸ਼ਾਖਾ ਨੇ ਵੱਖ ਵੱਖ ਮਿਤੀਆਂ ਰਾਹੀਂ ਇਨ੍ਹਾਂ ਟੈਂਡਰਾਂ ਸਬੰਧੀ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਵਿਚਾਰਣ ਅਤੇ ਪ੍ਰਵਾਨਗੀ ਲਈ ਸਿਫਾਰਸ਼ ਕੀਤੀ ਹੈ।

ਮਾਨਯੋਗ ਮੇਅਰ ਜੀ ਦੇ ਆਦੇਸਾਂ ਰਾਹੀਂ ਉਕਤ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ ।

ਫੈਸਲਾ:

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਮੱਦ ਵਿੱਚ ਦਰਜ ਲੜੀ ਨੰ: 1 ਦੇ ਟੈਂਡਰ ਨੂੰ ਹਾਲ ਦੀ ਘੜੀ ਲੰਬਿਤ ਰੱਖਿਆ ਜਾਂਦਾ ਹੈ ਅਤੇ ਬਾਕੀ ਦੇ ਟੈਂਡਰਾਂ ਨੂੰ ਪ੍ਰਵਾਨ ਕੀਤਾ ਜਾਂਦਾ ਹੈ ।

ਸਹੀ/-ਜਗਦੀਸ਼ ਰਾਜ ਰਾਜਾ,

ਮੇਅਰ

23.1.2020

**ਮਤਾ ਨੰਬਰ:-23**

ਵਿਸ਼ਾ :- ਵਿੱਤ ਅਤੇ ਠੇਕਾ ਕਮੇਟੀ ਵੱਲੋ ਮਤਾ ਨੰ: 220 ਮਿਤੀ : 20.12.2019 ਦੇ ਫੈਸਲੇ ਸਬੰਧੀ।

ਪੜ੍ਹਿਆ ਨੋਟ ਟੈਂਡਰ ਸੈਲ (ਬੀ.ਐਂਡ.ਆਰ) ਮਿਤੀ : 09.01.2020 ਜਿਸ ਦੀ ਸਿਫਾਰਿਸ਼ ਕਾਰਜਕਾਰੀ ਇੰਜੀਨੀਅਰ (ਬੀ.ਐਂਡ.ਆਰ) ਨੇ ਕੀਤੀ ਹੈ ਕਿ ਵਿੱਤ ਅਤੇ ਠੇਕਾ ਕਮੇਟੀ ਵੱਲੋ ਮਤਾ ਨੰ: 220 ਮਿਤੀ : 20.12.2019 ਰਾਹੀ ਬਜਵਾਰਾ ਕੋ.ਅਪ. ਐਲ.ਸੀ. ਸੋਸਾਇਟੀ ਸਬੰਧੀ ਫੈਸਲਾ ਲਿਆ ਗਿਆ ਹੈ ਕਿ ਸਬੰਧਤ ਸੁਸਾਇਟੀ ਵਿਰੁੱਧ ਐਫ.ਆਈ.ਆਰ. ਦਰਜ ਕਰਵਾਈ ਜਾਵੇ। ਇਸ ਉਪਰੰਤ ਬਜਵਾਰਾ ਕੋ.ਅਪ. ਐਲ.ਸੀ. ਸੋਸਾਇਟੀ ਵੱਲੋ ਸ਼੍ਰੀ ਇਸ਼ਾਂਤ ਸ਼ਰਮਾ ਪੁੱਤਰ ਸ਼੍ਰੀ ਅਸ਼ਵਨੀ ਸ਼ਰਮਾ ਵੱਲੋ ਇਸ ਸੋਸਾਇਟੀ ਦੇ ਡਿਜੀਟਲ ਸਿਗਨੇਚਰ ਸਰਟੀਫੀਕੇਟ ਗੁੰਮ ਹੋਣ ਸਬੰਧੀ ਪੁਲਿਸ ਕੋਲ ਯੂਨੀਕ ਆਈ.ਡੀ. ਨੰ: 2125476 ਮਿਤੀ : 21.12.2019 ਨੂੰ ਦਰਜ ਕਰਵਾਈ ਗਈ ਹੈ ਜਿਸ ਦੀ ਕਾਪੀ ਮਿਸਲ ਵਿੱਚ ਨੱਥੀ ਕੀਤੀ ਗਈ ਹੈ। ਨਿਗਰਾਨ ਇੰਜੀਨੀਅਰ ਨੇ ਮਿਤੀ 16.1.2020 ਰਾਹੀਂ ਰਿਪੋਰਟ ਵਿੱਤ ਅਤੇ ਠੇਕਾ ਕਮੇਟੀ ਵਿਚ ਵਿੱਤ ਅਤੇ ਠੇਕਾ ਕਮੇਟੀ ਦੀ ਬੈਠਕ ਵਿੱਚ ਜਾਣਕਾਰੀ ਹਿੱਤ ਰੱਖਣ ਦੀ ਸਿਫਾਰਿਸ਼ ਕੀਤੀ ਹੈ।

ਮਾਨਯੋਗ ਮੇਅਰ ਜੀ ਦੇ ਆਦੇਸ਼ ਨਾਲ ਰਿਪੋਰਟ ਵਿੱਤ ਅਤੇ ਠੇਕਾ ਕਮੇਟੀ ਵਿਚ ਸੂਚਨਾ ਹਿੱਤ ਪੇਸ਼ ਹੈ ਜੀ ।

ਫੈਸਲਾ :

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਇਸ ਮੱਦ ਸਬੰਧੀ ਉਪ ਸੰਚਾਲਕ (ਵਿੱਤ ਅਤੇ ਲੇਖਾ) ਸ੍ਰੀ ਰਵਿੰਦਰ ਸਿੰਘ ਅਤੇ ਸ੍ਰੀ ਵੀ.ਕੇ. ਕਪੂਰ ਆਪਣੀ ਟਿੱਪਣੀ ਦੇਣ ਅਤੇ ਕਮੇਟੀ ਨੂੰ ਅਗਲੀ ਮੀਟਿੰਗ ਵਿੱਚ ਰਿਪੋਰਟ ਪੇਸ਼ ਕੀਤੀ ਜਾਵੇ ।

ਸਹੀ/-ਜਗਦੀਸ਼ ਰਾਜ ਰਾਜਾ,<br>
ਮੇਅਰ<br>
23.1.2020

**ਮਤਾ ਨੰਬਰ:-24**

ਵਿਸ਼ਾ:- ਕੰਸਟ੍ਰਕਸ਼ਨ ਆਫ ਰੂਮ ਫਾਰ ਰਿਕਵਰੀ ਸਟਾਫ ਐਂਡ ਰਿਪੇਅਰ ਆਫ ਓਲਡ ਬਿਲਡਿੰਗ ਜ਼ੋਨ ਨੰ: 7 ਇੰਡਸਟ੍ਰਿਅਲ ਅਸਟੇਟ। (ਈ-ਟੈਂਡਰ ਪ੍ਰਵਾਨਗੀ ਹਿੱਤ)

ਤਖਮੀਨਾ ਰੁਪਏ: 5,00,000/- ਟੈਂਡਰ ਮੰਗੇ ਰੁਪਏ: 5,00,000/-
ਕੁੱਲ ਪ੍ਰਾਪਤ ਵੈਲਿਡ ਟੈਂਡਰ = 1 (ਤੀਸਰੀ ਬਾਰੀ)
ਟੈਂਡਰ ਅਮਾਉਂਟ ਰੁਪਏ: 4,97,500/- ਸੇਵਿੰਗ 0.50%
ਅਜੰਸੀ ਦਾ ਨਾਮ:- ਦੀ ਆਦਿ ਕੋ-ਆਪ ਐਲ.ਸੀ ਸੁਸਾਈਟੀ

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਕਿ ਉਪਰੋਕਤ ਕੰਮ ਕਰਵਾਉਣ ਲਈ ਤਖਮੀਨਾ ਰੁਪਏ 5,00,000/- ਦੀ ਪ੍ਰਵਾਨਗੀ ਇਨਐਂਟੀਸਿਪੇਨ ਅਪਰੂਵਲ ਆਫ ਹਾਊਸ ਮਾਨਯੋਗ ਮੇਅਰ ਜੀ ਨੇ ਅਪਣੇ ਹੁਕਮ ਮਿਤੀ 19.08.19 ਰਾਹੀਂ ਦਿੱਤੀ। ਇਸ ਕੰਮ ਦੇ ਟੈਂਡਰ ਪਹਿਲੀ ਬਾਰੀ ਮਿਤੀ 09.10.19 ਅਤੇ ਦੂਸਰੀ ਬਾਰੀ ਮਿਤੀ 25.10.19 ਈ-ਟੈਂਡਰਿੰਗ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਮੰਗੇ ਗਏ ਸਨ, ਪਰੰਤੂ ਲੋੜੀਂਦੇ ਟੈਂਡਰ ਪ੍ਰਾਪਤ ਨਹੀ ਹੋਏ।

ਤੀਸਰੀ ਬਾਰੀ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਈਟੀਆਂ ਤੋ ਮਿਤੀ 18.11.19 ਅਤੇ ਠੇਕੇਦਾਰਾਂ ਕੋਲੋ ਮਿਤੀ 25.11.19 ਲਈ ਮੰਗੇ ਗਏ ਸਨ, ਉਪਰੋਕਤ ਸੁਸਾਈਟੀ ਦਾ ਸਿਰਫ ਇਕ ਟੈਂਡਰ ਪ੍ਰਾਪਤ ਹੋਇਆ, ਜਿਸ ਦੀ ਤਕਨੀਕੀ ਬਿਡ ਮਿਆਰ ਪਖੋ ਪੂਰੀ ਸੀ। ਇਸ ਲਈ ਇਸ ਦੀ ਵਿੱਤੀ ਬਿਡ ਖੋਲੀ ਗਈ ਅਤੇ ਤੁਲਨਾਤਮਕ ਸੂਚੀ ਤਿਆਰ ਕੀਤੀ ਗਈ। ਉਪਰੋਕਤ ਸੁਸਾਈਟੀ 0.50% ਦੀ ਸੇਵਿੰਗ ਨਾਲ ਇਹ ਕੰਮ ਤਖਮੀਨਾ ਰੁਪਏ 5,00,000/- ਦੇ ਵਿਰੁੱਧ ਰੁਪਏ 4,97,500/- ਵਿੱਚ ਕਰੇਗੀ। ਇਸ ਕੰਮ ਦੀ ਅੰਤਿਮ ਪ੍ਰਵਾਨਗੀ ਨਗਰ ਨਿਗਮ ਹਾਊਸ ਨੇ ਅਪਣੇ ਮਤਾ ਨੰ: 144(25) ਮਿਤੀ 24.12.19 ਰਾਹੀਂ ਦੇ ਦਿੱਤੀ ਹੈ। ਕੀਤੇ ਗਏ ਕੰਮ ਦੀ ਅਦਾਇਗੀ ਐਮ.ਬੀ. ਵਿੱਚ ਕੀਤੇ ਗਏ ਇੰਦਰਾਜ ਅਨੁਸਾਰ ਮਾਨਯੋਗ ਕਮਿਸ਼ਨਰ ਜੀ ਦੇ ਹੁਕਮਾਂ ਅਨੁਸਾਰ ਕੀਤੀ ਜਾਵੇਗੀ ਜ਼ੋ ਕਿ ਕੰਮ ਦੀ ਮਿਨਤੀ ਅਨੁਸਾਰ ਵੱਧ-ਘੱਟ ਸਕਦੀ ਹੈ। ਉਪਰੋਕਤ ਅਨੁਸਾਰ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਣ ਅਤੇ ਪ੍ਰਵਾਨਗੀ ਹਿੱਤ ਰੱਖਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ। ਨਿਗਰਾਨ ਇੰਜੀਨਿਅਰ (ਓ.ਐਂਡ ਐਮ.) ਨੇ ਮਿਤੀ 7.1.2020 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਵਿਚਾਰਣ ਅਤੇ ਫੈਸਲੇ ਲਈ ਸਿਫਾਰਸ਼ ਕੀਤੀ ਹੈ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 9.1.2020 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ :
ਪ੍ਰਵਾਨ ਹੈ।
ਸਹੀ/-ਜਗਦੀਸ਼ ਰਾਜ ਰਾਜਾ,
ਮੇਅਰ
23.1.2020

**ਮਤਾ ਨੰਬਰ:-25**

ਵਿਸ਼ਾ:- ਸੁਪਰ ਸਕੱਰ ਮਸ਼ੀਨਾਂ ਰਾਹੀਂ ਸੀ.ਸੀ.ਟੀ.ਵੀ ਕੈਮਰੇ ਦੀ ਮਦਦ ਨਾਲ ਸ਼ਾਸਤਰੀ ਮਾਰਕਿਟ ਚੌਂਕ ਟੂ ਰੇਲਵੇ ਸਟੇਸ਼ਨ ਤੱਕ 24"x36" ਦੇ ਸੀਵਰ ਦੀ ਡੀ-ਸਿਲਟਿੰਗ ਕਰਵਾਉਣ ਬਾਰੇ।

ਤਖਮੀਨਾ ਰੁਪਏ 55,58,008/- (ਸਮੇਤ ਜੀ.ਐਸ.ਟੀ ਜੇਕਰ ਇਸ ਕੰਮ ਤੇ ਐਪਲੀਕੇਵਲ ਹੋਵੇਗਾ ਤਾਂ)
ਅਜੰਸੀ ਦਾ ਨਾਮ:- ਮੈਸਰਜ਼ APESPL-IBA JV, (Aryan Pumps Enviro Solution Pvt.Ltd- Inderjit Bajaj & Associates JV) Pune

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਕਿ ਸੀਵਰੇਜ਼ ਬੋਰਡ ਨੇ ਅਪਣੇ ਪਿਠਅੰਕਨ ਨੰ: 3351 ਮਿਤੀ 17.10.17 ਰਾਹੀਂ ਨਗਰ ਨਿਗਮ ਜਲੰਧਰ ਨੂੰ ਸੂਚਿਤ ਕੀਤਾ ਹੈ ਕਿ ਸਥਾਨਕ ਸਰਕਾਰ ਦੀ ਪੱਧਰ ਤੇ ਮੈਸਰਜ਼ APESPL-IBA JV, (Aryan Pumps Enviro Solution Pvt.Ltd- Inderjit Bajaj & Associates JV) Pune ਨਾਲ ਸੁਪਰ ਸਕੱਰ ਮਸ਼ੀਨਾਂ ਰਾਹੀਂ ਸੀ.ਸੀ.ਟੀ.ਵੀ ਕੈਮਰੇ ਦੀ ਮਦਦ ਨਾਲ ਸ਼ਹਿਰ ਦੇ ਵੱਖ-ਵੱਖ ਸੀਵਰਾਂ ਦੀ ਡੀ-ਸਿਲਟਿੰਗ ਕਰਵਾਉਣ ਲਈ ਰੇਟ ਕੰਟਰੈਕਟ ਕੀਤਾ ਗਿਆ ਹੈ, ਇਸ ਪੱਤਰ ਦੇ ਲੜੀ ਨੰ: 10 ਤੇ ਸਪਸ਼ਟ ਕੀਤਾ ਗਿਆ ਹੈ (You will be given first preference at the time of award of the job till you show inability after your capacity is exhausted)

ਵਿਸ਼ੇ ਅਧੀਨ ਕੰਮ ਕਰਵਾਉਣ ਵਾਸਤੇ ਨਗਰ ਨਿਗਮ ਹਾਊਸ ਨੇ ਅਪਣੇ ਮਤਾ ਨੰ: 97(6) ਮਿਤੀ 29.11.19 ਰਾਹੀਂ ਤਖਮੀਨਾ ਰੁਪਏ 55,58,008/- ਦੀ ਪ੍ਰਵਾਨਗੀ ਦਿੱਤੀ ਹੈ।ਸਥਾਨਕ ਸਰਕਾਰ ਵੱਲੋਂ ਪ੍ਰਵਾਨਿਤ ਰੇਟ ਕੰਟਰੈਕਟ ਨੂੰ ਮੁੱਖ ਰੱਖਦੇ ਹੋਏ ਉਪਰੋਕਤ ਕੰਮ ਮੈਸਰਜ਼ APESPL-IBA JV, (Aryan Pumps Enviro Solution Pvt.Ltd- Inderjit Bajaj & Associates JV) Pune ਤੋਂ ਕਰਵਾਉਣ ਲਈ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਲੋੜੀਂਦੀ ਹੈ। ਪ੍ਰਵਾਨਗੀ ਉਪਰੰਤ ਸਥਾਨਕ ਸਰਕਾਰ ਵਲੋਂ ਪ੍ਰਵਾਨਿਤ ਰੇਟ ਕੰਟਰੈਕਟ ਦੇ ਰੇਟਾਂ ਅਤੇ ਟਰਮਜ਼ ਕੰਡੀਸ਼ਨਜ਼ ਅਨੁਸਾਰ ਵਰਕ ਆਰਡਰ ਜਾਰੀ ਕੀਤਾ ਜਾਵੇਗਾ। ਨਿਗਰਾਨ ਇੰਜੀਨੀਅਰ ਨੇ ਮਿਤੀ 7.1.2020 ਰਾਹੀਂ ਉਪਰੋਕਤ ਅਨੁਸਾਰ ਪ੍ਰਵਾਨਗੀ ਦੀ ਸਿਫਾਰਿਸ਼ ਕੀਤੀ ਹੈ।

ਮਾਨਯੋਗ ਮੇਅਰ ਜੀ ਦੇ ਹੁਕਮ ਮਿਤੀ 14.1.2020 ਅਨੁਸਾਰ ਵਿਸ਼ੇ ਅਧੀਨ ਤਖਮੀਨੇ ਦਾ ਕੰਮ ਸਥਾਨਕ ਸਰਕਾਰ ਵੱਲੋਂ ਪ੍ਰਵਾਨਿਤ ਰੇਟ ਕੰਟਰੈਕਟ ਤੇ ਕਰਵਾਉਣ ਦੇ ਫੈਸਲੇ ਹਿੱਤ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਪੇਸ਼ ਹੈ ਜੀ।

ਫੈਸਲਾ :
ਪ੍ਰਵਾਨ ਹੈ।
ਸਹੀ/-ਜਗਦੀਸ਼ ਰਾਜ ਰਾਜਾ,
ਮੇਅਰ
23.1.2020

**ਮਤਾ ਨੰਬਰ:-26**

ਵਿਸ਼ਾ:- ਸੁਪਰ ਸਕੱਰ ਮਸ਼ੀਨਾਂ ਰਾਹੀਂ ਸੀ.ਸੀ.ਟੀ.ਵੀ ਕੈਮਰੇ ਦੀ ਮਦਦ ਨਾਲ ਮਿੱਠਾਪੁਰ ਤੋਂ ਲੈ ਕੇ ਅਰਬਨ ਅਸਟੇਟ ਫੇਸ-2 ਤੱਕ 24"x36" ਦੇ ਸੀਵਰ ਦੀ ਡੀ-ਸਿਲਟਿੰਗ ਕਰਵਾਉਣ ਬਾਰੇ। ਵਾਰਡ ਨੰ: 28

ਤਖਮੀਨਾ ਰੁਪਏ 25,41,840/- (ਸਮੇਤ ਜੀ.ਐਸ.ਟੀ ਜੇਕਰ ਇਸ ਕੰਮ ਤੇ ਐਪਲੀਕੇਵਲ ਹੋਵੇਗਾ ਤਾਂ)
ਅਜੰਸੀ ਦਾ ਨਾਮ:- ਮੈਸਰਜ਼ APESPL-IBA JV, (Aryan Pumps Enviro Solution Pvt.Ltd- Inderjit Bajaj & Associates JV) Pune

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਕਿ ਸੀਵਰੇਜ਼ ਬੋਰਡ ਨੇ ਅਪਣੇ ਪਿਠਅੰਕਨ ਨੰ: 3351 ਮਿਤੀ 17.10.17 ਰਾਹੀਂ ਨਗਰ ਨਿਗਮ ਜਲੰਧਰ ਨੂੰ ਸੂਚਿਤ ਕੀਤਾ ਹੈ ਕਿ ਸਥਾਨਕ ਸਰਕਾਰ ਦੀ ਪੱਧਰ ਤੇ ਮੈਸਰਜ਼ APESPL-IBA JV, (Aryan Pumps Enviro Solution Pvt.Ltd- Inderjit Bajaj & Associates JV) Pune ਨਾਲ ਸੁਪਰ ਸਕੱਰ ਮਸ਼ੀਨਾਂ ਰਾਹੀਂ ਸੀ.ਸੀ.ਟੀ.ਵੀ ਕੈਮਰੇ ਦੀ ਮਦਦ ਨਾਲ ਸ਼ਹਿਰ ਦੇ ਵੱਖ-ਵੱਖ ਸੀਵਰਾਂ ਦੀ ਡੀ-ਸਿਲਟਿੰਗ ਕਰਵਾਉਣ ਲਈ ਰੇਟ ਕੰਟਰੈਕਟ ਕੀਤਾ ਗਿਆ ਹੈ। ਇਸ ਪੱਤਰ ਦੇ ਲੜੀ ਨੰ: 10 ਤੇ ਸਪਸ਼ਟ ਕੀਤਾ ਗਿਆ ਹੈ (You will be given first preference at the time of award of the job till you show inability after your capacity is exhausted)

ਵਿਸ਼ੇ ਅਧੀਨ ਕੰਮ ਕਰਵਾਉਣ ਵਾਸਤੇ ਨਗਰ ਨਿਗਮ ਹਾਊਸ ਨੇ ਅਪਣੇ ਮਤਾ ਨੰ: 144(27) ਮਿਤੀ 24.12.19 ਰਾਹੀਂ ਤਖਮੀਨਾ ਰੁਪਏ 25,41,840/- ਦੀ ਪ੍ਰਵਾਨਗੀ ਦਿੱਤੀ ਹੈ। ਸਥਾਨਕ ਸਰਕਾਰ ਵੱਲੋਂ ਪ੍ਰਵਾਨਿਤ ਰੇਟ ਕੰਟਰੈਕਟ ਨੂੰ ਮੁੱਖ ਰੱਖਦੇ ਹੋਏ ਉਪਰੋਕਤ ਕੰਮ ਮੈਸਰਜ਼ APESPL-IBA JV, (Aryan Pumps Enviro Solution Pvt.Ltd- Inderjit Bajaj & Associates JV) Pune ਤੋ ਕਰਵਾਉਣ ਲਈ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਲੋੜੀਂਦੀ ਹੈ। ਪ੍ਰਵਾਨਗੀ ਉਪਰੰਤ ਸਥਾਨਕ ਸਰਕਾਰ ਵਲੋਂ ਪ੍ਰਵਾਨਿਤ ਰੇਟ ਕੰਟਰੈਕਟ ਦੇ ਰੇਟਾਂ ਅਤੇ ਟਰਮਜ਼ ਕੰਡੀਸ਼ਨਜ਼ ਅਨੁਸਾਰ ਵਰਕ ਆਰਡਰ ਜਾਰੀ ਕੀਤਾ ਜਾਵੇਗਾ। ਨਿਗਰਾਨ ਇੰਜੀਨੀਅਰ ਨੇ ਮਿਤੀ 7.1.2020 ਰਾਹੀਂ ਉਪਰੋਕਤ ਅਨੁਸਾਰ ਪ੍ਰਵਾਨਗੀ ਦੀ ਸਿਫਾਰਿਸ਼ ਕੀਤੀ ਹੈ।

ਮਾਨਯੋਗ ਮੇਅਰ ਜੀ ਦੇ ਹੁਕਮ ਮਿਤੀ 14.1.2020 ਅਨੁਸਾਰ ਵਿਸ਼ੇ ਅਧੀਨ ਤਖਮੀਨੇ ਦਾ ਕੰਮ ਸਥਾਨਕ ਸਰਕਾਰ ਵੱਲੋਂ ਪ੍ਰਵਾਨਿਤ ਰੇਟ ਕੰਟਰੈਕਟ ਤੇ ਕਰਵਾਉਣ ਦੇ ਫੈਸਲੇ ਹਿੱਤ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਪੇਸ਼ ਹੈ ਜੀ।

ਫੈਸਲਾ :
ਪ੍ਰਵਾਨ ਹੈ।
ਸਹੀ/-ਜਗਦੀਸ਼ ਰਾਜ ਰਾਜਾ,
ਮੇਅਰ
23.1.2020

**ਮਤਾ ਨੰਬਰ:-27**

ਵਿਸ਼ਾ:- ਸੁਪਰ ਸਕੱਰ ਮਸ਼ੀਨਾਂ ਰਾਹੀਂ ਸੀ.ਸੀ.ਟੀ.ਵੀ ਕੈਮਰੇ ਦੀ ਮਦਦ ਨਾਲ ਮਕਸੂਦਾਂ ਚੌਕ ਟੂ ਨੰਦਨਪੂਰ ਰੋਡ ਦੇ ਸੀਵਰ ਦੀ ਡੀ-ਸਿਲਟਿੰਗ ਕਰਵਾਉਣ ਬਾਰੇ। ਵਾਰਡ ਨੰ: 71

ਤਖਮੀਨਾ ਰੁਪਏ 18,15,600/- (ਸਮੇਤ ਜੀ.ਐਸ.ਟੀ ਜੇਕਰ ਇਸ ਕੰਮ ਤੇ ਐਪਲੀਕੇਵਲ ਹੋਵੇਗਾ ਤਾਂ)
ਅਜੰਸੀ ਦਾ ਨਾਮ:- ਮੈਸਰਜ਼ APESPL-IBA JV, (Aryan Pumps Enviro Solution Pvt.Ltd- Inderjit Bajaj & Associates JV) Pune

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਕਿ ਸੀਵਰੇਜ਼ ਬੋਰਡ ਨੇ ਅਪਣੇ ਪਿਠਅੰਕਨ ਨੰ: 3351 ਮਿਤੀ 17.10.17 ਰਾਹੀਂ ਨਗਰ ਨਿਗਮ ਜਲੰਧਰ ਨੂੰ ਸੂਚਿਤ ਕੀਤਾ ਹੈ ਕਿ ਸਥਾਨਕ ਸਰਕਾਰ ਦੀ ਪੱਧਰ ਤੇ ਮੈਸਰਜ਼ APESPL-IBA JV, (Aryan Pumps Enviro Solution Pvt.Ltd- Inderjit Bajaj & Associates JV) Pune ਨਾਲ ਸੁਪਰ ਸਕੱਰ ਮਸ਼ੀਨਾਂ ਰਾਹੀਂ ਸੀ.ਸੀ.ਟੀ.ਵੀ ਕੈਮਰੇ ਦੀ ਮਦਦ ਨਾਲ ਸ਼ਹਿਰ ਦੇ ਵੱਖ-ਵੱਖ ਸੀਵਰਾਂ ਦੀ ਡੀ-ਸਿਲਟਿੰਗ ਕਰਵਾਉਣ ਲਈ ਰੇਟ ਕੰਟਰੈਕਟ ਕੀਤਾ ਗਿਆ ਹੈ (ਕਾਪੀ ਨਾਲ ਨੱਥੀ ਹੈ)। ਇਸ ਪੱਤਰ ਦੇ ਲੜੀ ਨੰ: 10 ਤੇ ਸਪਸ਼ਟ ਕੀਤਾ ਗਿਆ ਹੈ (You will be given first preference at the time of award of the job till you show inability after your capacity is exhausted)

ਵਿਸ਼ੇ ਅਧੀਨ ਕੰਮ ਕਰਵਾਉਣ ਵਾਸਤੇ ਨਗਰ ਨਿਗਮ ਹਾਉਸ ਨੇ ਅਪਣੇ ਮਤਾ ਨੰ: 144(15) ਮਿਤੀ 24.12.19 ਰਾਹੀਂ ਤਖਮੀਨਾ ਰੁਪਏ 18,15,600/- ਦੀ ਪ੍ਰਵਾਨਗੀ ਦਿੱਤੀ ਹੈ।

ਸਥਾਨਕ ਸਰਕਾਰ ਵੱਲੋਂ ਪ੍ਰਵਾਨਿਤ ਰੇਟ ਕੰਟਰੈਕਟ ਨੂੰ ਮੁੱਖ ਰੱਖਦੇ ਹੋਏ ਉਪਰੋਕਤ ਕੰਮ ਮੈਸਰਜ਼ APESPL-IBA JV, (Aryan Pumps Enviro Solution Pvt.Ltd- Inderjit Bajaj & Associates JV) Pune ਤੋ ਕਰਵਾਉਣ ਲਈ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਲੋੜੀਂਦੀ ਹੈ। ਪ੍ਰਵਾਨਗੀ ਉਪਰੰਤ ਸਥਾਨਕ ਸਰਕਾਰ ਵਲੋਂ ਪ੍ਰਵਾਨਿਤ ਰੇਟ ਕੰਟਰੈਕਟ ਦੇ ਰੇਟਾਂ ਅਤੇ ਟਰਮਜ਼ ਕੰਡੀਸ਼ਨਜ਼ ਅਨੁਸਾਰ ਵਰਕ ਆਰਡਰ ਜਾਰੀ ਕੀਤਾ ਜਾਵੇਗਾ। ਨਿਗਰਾਨ ਇੰਜੀਨੀਅਰ ਨੇ ਮਿਤੀ 7.1.2020 ਰਾਹੀਂ ਉਪਰੋਕਤ ਅਨੁਸਾਰ ਪ੍ਰਵਾਨਗੀ ਦੀ ਸਿਫਾਰਿਸ਼ ਕੀਤੀ ਹੈ।

ਮਾਨਯੋਗ ਮੇਅਰ ਜੀ ਦੇ ਹੁਕਮ ਮਿਤੀ 14.1.2020 ਅਨੁਸਾਰ ਵਿਸ਼ੇ ਅਧੀਨ ਤਖਮੀਨੇ ਦਾ ਕੰਮ ਸਥਾਨਕ ਸਰਕਾਰ ਵੱਲੋਂ ਪ੍ਰਵਾਨਿਤ ਰੇਟ ਕੰਟਰੈਕਟ ਤੇ ਕਰਵਾਉਣ ਦੇ ਫੈਸਲੇ ਹਿੱਤ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਪੇਸ਼ ਹੈ ਜੀ।

ਫੈਸਲਾ :
ਪ੍ਰਵਾਨ ਹੈ।
ਸਹੀ/-ਜਗਦੀਸ਼ ਰਾਜ ਰਾਜਾ,
ਮੇਅਰ
23.1.2020

**ਮਤਾ ਨੰਬਰ:-28**

ਵਿਸ਼ਾ:- Augmentation of Water Supply Pipeline Project at Jalandhar Town Package- 1B (Zone No. 1,3 and 4) under AMRUT ਈ-ਟੈਂਡਰ ਪ੍ਰਵਾਨਗੀ ਹਿੱਤ।

ਤਖਮੀਨਾ ਰੁਪਏ 682.13 ਲੱਖ ਟੈਂਡਰ ਅਮਾਊਂਟ ਰੁਪਏ 716.23 ਲੱਖ
ਪ੍ਰਾਪਤ ਟੈਂਡਰ = 1 (ਨੌਵੀਂ ਬਾਰੀ) ਪ੍ਰਵਾਨਿਤ ਟੈਂਡਰ ਰੇਟ ਤਖਮੀਨੇ ਤੋਂ 5% ਜਿਆਦਾ ਤੇ
ਅਜੰਸੀ ਦਾ ਨਾਮ M/s Ludhiana Construction Co.

ਪੜਿਆ ਨੋਟ ਕਾਰਜਕਾਰੀ ਇੰਜੀਨਿਅਰ (ਓ ਐਂਡ ਐਮ) ਮਿਤੀ 16.1.2020 ਜਿਸ ਨਾਲ ਨਿਗਰਾਨ ਇੰਜੀਨਿਅਰ (ਓ ਐਂਡ ਐਮ) ਨੇ ਸਿਫਾਰਸ਼ ਕੀਤੀ ਹੈ ਕਿ ਨਗਰ ਨਿਗਮ ਹਾਊਸ ਵਲੋਂ ਆਪਣੇ ਮਤਾ ਨੰਬਰ 114 ਮਿਤੀ 05.12.2016 ਰਾਹੀਂ AMRUT Scheme ਅਧੀਨ ਸ਼ਹਿਰ ਵਿੱਚ 100% ਵਾਟਰ ਸਪਲਾਈ ਆਦਿ ਲਗਾਉਣ ਲਈ ਪ੍ਰੋਜੈਕਟ ਦੀ ਮੰਜੂਰੀ ਦਿੱਤੀ ਗਈ ਸੀ। ਇਸ ਪ੍ਰੋਜੈਕਟ ਅਧੀਨ ਰੁਪਏ 84.66 ਕਰੋੜ ਦੀ DPR ਦੀ ਪ੍ਰਵਾਨਗੀ PMIDC ਵਲੋਂ ਆਪਣੀ 14ਵੀਂ ਮੀਟਿੰਗ ਵਿੱਚ ਦਿੱਤੀ ਗਈ। ਇਸ ਉਪਰੰਤ ਨਗਰ ਨਿਗਮ ਜਲੰਧਰ ਵਲੋਂ ਟੈਂਡਰ ਲਗਾਏ ਗਏ ਸਨ ਪਰੰਤੂ ਕੋਈ ਵੀ ਟੈਂਡਰ ਪ੍ਰਾਪਤ ਨਹੀਂ ਹੋਇਆ। ਇਸ ਉਪਰੰਤ PMIDC ਵਲੋਂ ਆਪਣੇ ਪੱਤਰ ਨੰਬਰ 4973 ਮਿਤੀ 15.05.2018 ਰਾਹੀਂ ਇਸ ਪ੍ਰੋਜੈਕਟ ਦੀ ਹੇਠ ਲਿਖੇ ਅਨੁਸਾਰ ਤਿੰਨ ਹਿਸਿਆਂ ਵਿੱਚ ਵੰਡ ਕਰਕੇ ਟੈਂਡਰ ਲਗਾਉਣ ਲਈ ਲਿਖਿਆ ਗਿਆ:-

1. DNIT Package- 1 A Zone 2 & 5 Rs. 794.50 Lakh
2. DNIT Package- 1 B Zone 1, 3 & 4 Rs. 682.13 Lakh
3. DNIT Package- 1 C Zone 6 & 7 Rs. 658.09 Lakh

ਉਪਰੋਕਤ ਅਨੁਸਾਰ ਪ੍ਰਾਪਤ DNIT ਦੀਆਂ ਸਾਫਟ ਕਾਪੀਆਂ ਅਨੁਸਾਰ ਟੈਂਡਰ ਲਗਾਏ ਗਏ, ਜਿਸ ਵਿੱਚ ਤੀਸਰੀ ਬਾਰ ਟੈਂਡਰ ਲਗਾਉਣ ਉਪਰੰਤ ਕੇਵਲ Package- 1 A (Zone 2 & 5) ਦਾ ਕੰਮ ਮੈਸ: ਤਰਸੇਮ ਚੰਦ ਗਰਗ, ਠੇਕੇਦਾਰ ਨੂੰ ਅਲਾਟ ਕਰ ਦਿੱਤਾ ਗਿਆ ਸੀ। ਇਸ ਉਪਰੰਤ Package- 1 B ਅਤੇ Package- 1 C ਲਈ ਟੈਂਡਰ ਬਾਰ-ਬਾਰ ਮੰਗੇ ਗਏ ਅਤੇ ਮਿਤੀ 03.09.2019 ਨੂੰ ਇਹ ਟੈਂਡਰ 8ਵੀਂ ਬਾਰ ਮੰਗੇ ਗਏ, ਜਿਸ ਵਿੱਚ ਮੈਸ: ਜੈ ਭੂਸ਼ਨ, ਠੇਕੇਦਾਰ ਦੀ ਬਿਡ ਤਕਨੀਕੀ ਪਖੋਂ ਮਿਆਰ ਤੇ ਪੂਰੀ ਹੋਣ ਉਪਰੰਤ ਇਸ ਦੀ ਵਿੱਤੀ ਬਿਡ ਖੋਲੀ ਗਈ ਪਰੰਤੂ ਠੇਕੇਦਾਰ ਦੇ ਰੇਟ ਜਿਆਦਾ ਹੋਣ ਕਾਰਨ ਸਥਾਨਕ ਸਰਕਾਰ ਵਲੋਂ ਇਸ ਟੈਂਡਰ ਨੂੰ ਕੈਂਸਲ ਕਰਕੇ ਫਿਰ ਤੋਂ ਟੈਂਡਰ ਮੰਗਣ ਲਈ ਕਿਹਾ ਗਿਆ। ਇਸ ਉਪਰੰਤ ਮਿਤੀ 18.11.2019 ਨੂੰ ਇਹ ਟੈਂਡਰ 9ਵੀਂ ਬਾਰ ਮੰਗੇ ਗਏ ਸਨ, ਜਿਸ ਵਿੱਚ M/s Ludhiana Construction Co. ਦੀ ਇੱਕ ਬਿਡ ਪ੍ਰਾਪਤ ਹੋਈ, ਜਿਸ ਦੀ ਤਕਨੀਕੀ ਬਿਡ ਦੀ ਤੁਲਨਾਤਮਕ ਸੂਚੀ ਇਸ ਦਫਤਰ ਦੇ ਪੱਤਰ ਨੰਬਰ 141/ਸੀ.ਈ/ਡਬਲਯੂ.ਜੀ ਮਿਤੀ 29.11.2019 ਰਾਹੀਂ GM, PMIDC ਨੂੰ ਭੇਜੀ ਗਈ ਸੀ। ਇਸ ਉਪਰੰਤ Shah Technical Consultant ਦੇ ਪੱਤਰ ਨੰਬਰ STC/PB/PDMC/2019/1917 Dated 07.12.2019 ਰਾਹੀਂ M/s Ludhiana Construction Co. ਦੀ ਬਿਡ ਨੂੰ ਤਕਨੀਕੀ ਪ੍ਰਵਾਨਗੀ ਦਿੰਦੇ ਹੋਏ ਵਿੱਤੀ ਬਿਡ ਖੋਲਣ ਲਈ ਕਿਹਾ। ਇਸ ਉਪਰੰਤ ਠੇਕੇਦਾਰ ਦੀ ਵਿੱਤੀ ਬਿਡ ਖੋਲੀ ਗਈ, ਜਿਸ ਵਿੱਚ ਤਖਮੀਨੇ ਤੋਂ 9.79% ਜਿਆਦਾ ਬਿਡ ਪ੍ਰਾਪਤ ਹੋਈ। ਇਸ ਉਪਰੰਤ ਠੇਕੇਦਾਰ ਨੂੰ ਨਿਗਰਾਨ ਇੰਜੀਨੀਅਰ ਦੇ ਦਫਤਰ ਦੇ ਪੱਤਰ ਨੰਬਰ ਐਸ.ਈ/155 ਮਿਤੀ 09.12.2019 ਰਾਹੀਂ ਪ੍ਰਾਪਤ ਹੋਈ ਵਿੱਤੀ ਬਿਡ ਦੀ explanation ਦੇਣ ਬਾਰੇ ਕਿਹਾ ਗਿਆ। ਇਸ ਉਪਰੰਤ ਠੇਕੇਦਾਰ ਵਲੋਂ ਈ-ਮੇਲ ਰਾਹੀਂ ਵਿੱਤੀ ਬਿਡ ਬਾਰੇ ਜਾਣਕਾਰੀ ਦਸਤਾਵੇਜਾਂ ਦੇ ਰੂਪ ਵਿੱਚ ਭੇਜੀ ਗਈ, ਜਿਸ ਉਪਰੰਤ ਨਿਗਰਾਨ ਇੰਜੀਨੀਅਰ ਵਲੋਂ ਆਪਣੇ ਪੱਤਰ ਨੰਬਰ 149/ਸੀ.ਈ/ਡਬਲਯੂ/ਜੀ ਮਿਤੀ 09.12.2019 ਰਾਹੀਂ GM, PMIDC ਨੂੰ ਅੰਤਿਮ ਪ੍ਰਵਾਨਗੀ ਲਈ ਲਿਖਿਆ ਗਿਆ। ਇਸ ਉਪਰੰਤ ਟੈਕਨੀਕਲ ਸਬ ਕਮੇਟੀ ਵਲੋਂ ਮਿਤੀ 20.12.2019 ਨੂੰ ਆਪਣੀ ਮੀਟਿੰਗ ਵਿੱਚ ਉਪਰੋਕਤ ਪ੍ਰੋਜੈਕਟ ਨੂੰ ਠੇਕੇਦਾਰ ਦੀ ਸਹਿਮਤੀ ਉਪਰੰਤ ਤਖਮੀਨੇ ਤੋਂ 9% ਜਿਆਦਾ ਪ੍ਰਵਾਨਗੀ ਦਿੱਤੀ ਅਤੇ ਇਸ ਪ੍ਰੋਜੈਕਟ ਦੀ ਅੰਤਿਮ ਪ੍ਰਵਾਨਗੀ ਲਈ ਸਟੇਟ ਲੈਵਲ ਟੈਕਨੀਕਲ ਕਮੇਟੀ ਵਿੱਚ ਭੇਜਣ ਦੀ ਸਿਫਾਰਸ਼ ਕੀਤੀ ਗਈ। ਸਟੇਟ ਲੈਵਲ ਟੈਕਨੀਕਲ ਕਮੇਟੀ ਦੀ 33ਵੀਂ ਮੀਟਿੰਗ ਮਿਤੀ 26.12.2019 ਵਿੱਚ ਇਸ ਪ੍ਰੋਜੈਕਟ ਨੂੰ ਤਖਮੀਨੇ ਤੋਂ 5% ਜਿਆਦਾ ਦੀ ਪ੍ਰਵਾਨਗੀ ਠੇਕੇਦਾਰ ਦੀ ਸਹਿਮਤੀ ਉਪਰੰਤ ਦਿੱਤੀ ਗਈ ਹੈ। ਸਰਕਾਰ ਵਲੋਂ ਉਪਰੋਕਤ ਅਨੁਸਾਰ ਪ੍ਰਵਾਨਿਤ ਟੈਂਡਰ ਰੇਟਾਂ ਮੁਤਾਬਿਕ ਵਿਸ਼ੇ ਅਧੀਨ ਕੰਮ ਦਾ ਟੈਂਡਰ ਤਖਮੀਨੇ ਨਾਲੋਂ 5% ਵਾਧੇ ਨਾਲ ਪ੍ਰਵਾਨਗੀ ਲਈ ਕੇਸ ਵਿੱਤ ਅਤੇ ਠੇਕਾ ਕਮੇਟੀ ਵਿੱਚ ਰੱਖਣ ਹਿੱਤ ਪੇਸ਼ ਹੈ ਜੀ।ਤਜਵੀਜ ਅੰਤਿਮ ਪ੍ਰਵਾਨਗੀ ਲਈ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਪੇਸ਼ ਹੈ ਜੀ।

ਮਾਨਯੋਗ ਮੇਅਰ ਜੀ ਦੇ ਆਦੇਸ਼ ਨਾਲ ਤਜ਼ਵੀਜ਼ ਵਿੱਤ ਅਤੇ ਠੇਕਾ ਕਮੇਟੀ ਵਿੱਚ ਪੇਸ਼ ਹੈ ਜੀ ।

ਫੈਸਲਾ :
ਪ੍ਰਵਾਨ ਹੈ।
ਸਹੀ/-ਜਗਦੀਸ਼ ਰਾਜ ਰਾਜਾ,
ਮੇਅਰ
23.1.2020

ਮਤਾ ਨੰਬਰ:-29

ਵਿਸ਼ਾ:- Augmentation of Water Supply Pipeline Project at Jalandhar Town Package- 1C (Zone No. 6 and 7) under AMRUT ਈ-ਟੈਂਡਰ ਪ੍ਰਵਾਨਗੀ ਹਿੱਤ।

ਤਖਮੀਨਾ ਰੁਪਏ 658.09 ਲੱਖ ਟੈਂਡਰ ਅਮਾਉਂਟ ਰੁਪਏ 690.99 ਲੱਖ
ਪ੍ਰਾਪਤ ਟੈਂਡਰ = 1 (ਨੌਵੀਂ ਬਾਰੀ) ਪ੍ਰਵਾਨਿਤ ਟੈਂਡਰ ਰੇਟ ਤਖਮੀਨੇ ਤੋਂ 5% ਜਿਆਦਾ ਤੇ
ਅਜੰਸੀ ਦਾ ਨਾਮ M/s Ludhiana Construction Co.

ਪੜਿਆ ਨੋਟ ਕਾਰਜਕਾਰੀ ਇੰਜੀਨਿਅਰ (ਓ ਐਂਡ ਐਮ) ਮਿਤੀ 16.1.2020 ਜਿਸ ਨਾਲ ਨਿਗਰਾਨ ਇੰਜੀਨਿਅਰ (ਓ ਐਂਡ ਐਮ) ਨੇ ਸਿਫਾਰਸ਼ ਕੀਤੀ ਹ ਨਗਰ ਨਿਗਮ ਹਾਉਸ ਵਲੋਂ ਆਪਣੇ ਮਤਾ ਨੰਬਰ 114 ਮਿਤੀ 05.12.2016 ਰਾਹੀਂ AMRUT Scheme ਅਧੀਨ ਸ਼ਹਿਰ ਵਿੱਚ 100% ਵਾਟਰ ਸਪਲਾਈ ਆਦਿ ਲਗਾਉਣ ਲਈ ਪ੍ਰੋਜੈਕਟ ਦੀ ਮੰਜੂਰੀ ਦਿੱਤੀ ਗਈ ਸੀ। ਇਸ ਪ੍ਰੋਜੈਕਟ ਅਧੀਨ ਰੁਪਏ 84.66 ਕਰੋੜ ਦੀ DPR ਦੀ ਪ੍ਰਵਾਨਗੀ PMIDC ਵਲੋਂ ਆਪਣੀ 14ਵੀਂ ਮੀਟਿੰਗ ਵਿੱਚ ਦਿੱਤੀ ਗਈ। ਇਸ ਉਪਰੰਤ ਨਗਰ ਨਿਗਮ ਜਲੰਧਰ ਵਲੋਂ ਟੈਂਡਰ ਲਗਾਏ ਗਏ ਸਨ ਪਰੰਤੂ ਕੋਈ ਵੀ ਟੈਂਡਰ ਪ੍ਰਾਪਤ ਨਹੀਂ ਹੋਇਆ। ਇਸ ਉਪਰੰਤ PMIDC ਵਲੋਂ ਆਪਣੇ ਪੱਤਰ ਨੰਬਰ 4973 ਮਿਤੀ 15.05.2018 ਰਾਹੀਂ ਇਸ ਪ੍ਰੋਜੈਕਟ ਦੀ ਹੇਠ ਲਿਖੇ ਅਨੁਸਾਰ ਤਿੰਨ ਹਿਸਿਆਂ ਵਿੱਚ ਵੰਡ ਕਰਕੇ ਟੈਂਡਰ ਲਗਾਉਣ ਲਈ ਲਿਖਿਆ ਗਿਆ:-

1. DNIT Package- 1 A Zone 2 & 5 Rs. 794.50 Lakh
2. DNIT Package- 1 B Zone 1, 3 & 4 Rs. 682.13 Lakh
3. DNIT Package- 1 C Zone 6 & 7 Rs. 658.09 Lakh

ਉਪਰੋਕਤ ਅਨੁਸਾਰ ਪ੍ਰਾਪਤ DNIT ਦੀਆਂ ਸਾਫਟ ਕਾਪੀਆਂ ਅਨੁਸਾਰ ਟੈਂਡਰ ਲਗਾਏ ਗਏ, ਜਿਸ ਵਿੱਚ ਤੀਸਰੀ ਬਾਰ ਟੈਂਡਰ ਲਗਾਉਣ ਉਪਰੰਤ ਕੇਵਲ Package- 1 A (Zone 2 & 5) ਦਾ ਕੰਮ ਮੈਸ: ਤਰਸੇਮ ਚੰਦ ਗਰਗ, ਠੇਕੇਦਾਰ ਨੂੰ ਅਲਾਟ ਕਰ ਦਿੱਤਾ ਗਿਆ ਸੀ। ਇਸ ਉਪਰੰਤ Package- 1 B ਅਤੇ Package- 1 C ਲਈ ਟੈਂਡਰ ਬਾਰ-ਬਾਰ ਮੰਗੇ ਗਏ ਅਤੇ ਮਿਤੀ 03.09.2019 ਨੂੰ ਇਹ ਟੈਂਡਰ 8ਵੀਂ ਬਾਰ ਮੰਗੇ ਗਏ, ਜਿਸ ਵਿੱਚ ਮੈਸ: ਜੈ ਭੂਸ਼ਨ, ਠੇਕੇਦਾਰ ਦੀ ਬਿਡ ਤਕਨੀਕੀ ਪਖੋਂ ਮਿਆਰ ਤੇ ਪੂਰੀ ਹੋਣ ਉਪਰੰਤ ਇਸ ਦੀ ਵਿੱਤੀ ਬਿਡ ਖੋਲੀ ਗਈ ਪਰੰਤੂ ਠੇਕੇਦਾਰ ਦੇ ਰੇਟ ਜਿਆਦਾ ਹੋਣ ਕਾਰਨ ਸਥਾਨਕ ਸਰਕਾਰ ਵਲੋਂ ਇਸ ਟੈਂਡਰ ਨੂੰ ਕੈਂਸਲ ਕਰਕੇ ਫਿਰ ਤੋਂ ਟੈਂਡਰ ਮੰਗਣ ਲਈ ਕਿਹਾ ਗਿਆ। ਇਸ ਉਪਰੰਤ ਮਿਤੀ 18.11.2019 ਨੂੰ ਇਹ ਟੈਂਡਰ 9ਵੀਂ ਬਾਰ ਮੰਗੇ ਗਏ ਸਨ, ਜਿਸ ਵਿੱਚ M/s Ludhiana Construction Co. ਦੀ ਇੱਕ ਬਿਡ ਪ੍ਰਾਪਤ ਹੋਈ, ਜਿਸ ਦੀ ਤਕਨੀਕੀ ਬਿਡ ਦੀ ਤੁਲਨਾਤਮਕ ਸੂਚੀ ਇਸ ਦਫਤਰ ਦੇ ਪੱਤਰ ਨੰਬਰ 141/ਸੀ.ਈ/ਡਬਲਯੂ.ਜੀ ਮਿਤੀ 29.11.2019 ਰਾਹੀਂ GM, PMIDC ਨੂੰ ਭੇਜੀ ਗਈ ਸੀ। ਇਸ ਉਪਰੰਤ Shah Technical Consultant ਦੇ ਪੱਤਰ ਨੰਬਰ STC/PB/PDMC/2019/1917 Dated 07.12.2019 ਰਾਹੀਂ M/s Ludhiana Construction Co. ਦੀ ਬਿਡ ਨੂੰ ਤਕਨੀਕੀ ਪ੍ਰਵਾਨਗੀ ਦਿੰਦੇ ਹੋਏ ਵਿੱਤੀ ਬਿਡ ਖੋਲਣ ਲਈ ਕਿਹਾ। ਇਸ ਉਪਰੰਤ ਠੇਕੇਦਾਰ ਦੀ ਵਿੱਤੀ ਬਿਡ ਖੋਲੀ ਗਈ, ਜਿਸ ਵਿੱਚ ਤਖਮੀਨੇ ਤੋਂ 9.79% ਜਿਆਦਾ ਬਿਡ ਪ੍ਰਾਪਤ ਹੋਈ। ਇਸ ਉਪਰੰਤ ਠੇਕੇਦਾਰ ਨੂੰ ਨਿਗਰਾਨ ਇੰਜੀਨੀਅਰ ਦੇ ਦਫਤਰ ਦੇ ਪੱਤਰ ਨੰਬਰ ਐਸ.ਈ/155 ਮਿਤੀ 09.12.2019 ਰਾਹੀਂ ਪ੍ਰਾਪਤ ਹੋਈ ਵਿੱਤੀ ਬਿਡ ਦੀ explanation ਦੇਣ ਬਾਰੇ ਕਿਹਾ ਗਿਆ। ਇਸ ਉਪਰੰਤ ਠੇਕੇਦਾਰ ਵਲੋਂ ਈ-ਮੇਲ ਰਾਹੀਂ ਵਿੱਤੀ ਬਿਡ ਬਾਰੇ ਜਾਣਕਾਰੀ ਦਸਤਾਵੇਜਾਂ ਦੇ ਰੂਪ ਵਿੱਚ ਭੇਜੀ ਗਈ, ਜਿਸ ਉਪਰੰਤ ਨਿਗਰਾਨ ਇੰਜੀਨੀਅਰ ਵਲੋਂ ਆਪਣੇ ਪੱਤਰ ਨੰਬਰ 149/ਸੀ.ਈ/ਡਬਲਯੂ/ਜੀ ਮਿਤੀ 09.12.2019 ਰਾਹੀਂ GM, PMIDC ਨੂੰ ਅੰਤਿਮ ਪ੍ਰਵਾਨਗੀ ਲਈ ਲਿਖਿਆ ਗਿਆ। ਇਸ ਉਪਰੰਤ ਟੈਕਨੀਕਲ ਸਬ ਕਮੇਟੀ ਵਲੋਂ ਮਿਤੀ 20.12.2019 ਨੂੰ ਆਪਣੀ ਮੀਟਿੰਗ ਵਿੱਚ ਉਪਰੋਕਤ ਪ੍ਰੋਜੈਕਟ ਨੂੰ ਠੇਕੇਦਾਰ ਦੀ ਸਹਿਮਤੀ ਉਪਰੰਤ ਤਖਮੀਨੇ ਤੋਂ 9% ਜਿਆਦਾ ਪ੍ਰਵਾਨਗੀ ਦਿੱਤੀ ਅਤੇ ਇਸ ਪ੍ਰੋਜੈਕਟ ਦੀ ਅੰਤਿਮ ਪ੍ਰਵਾਨਗੀ ਲਈ ਸਟੇਟ ਲੈਵਲ ਟੈਕਨੀਕਲ ਕਮੇਟੀ ਵਿੱਚ ਭੇਜਣ ਦੀ ਸਿਫਾਰਸ਼ ਕੀਤੀ ਗਈ। ਸਟੇਟ ਲੈਵਲ ਟੈਕਨੀਕਲ ਕਮੇਟੀ ਦੀ 33ਵੀਂ ਮੀਟਿੰਗ ਮਿਤੀ 26.12.2019 ਵਿੱਚ ਇਸ ਪ੍ਰੋਜੈਕਟ ਨੂੰ ਤਖਮੀਨੇ ਤੋਂ 5% ਜਿਆਦਾ ਦੀ ਪ੍ਰਵਾਨਗੀ ਠੇਕੇਦਾਰ ਦੀ ਸਹਿਮਤੀ ਉਪਰੰਤ ਦਿੱਤੀ ਗਈ ਹੈ। ਸਰਕਾਰ ਵਲੋਂ ਉਪਰੋਕਤ ਅਨੁਸਾਰ ਪ੍ਰਵਾਨਿਤ ਟੈਂਡਰ ਰੇਟਾਂ ਮੁਤਾਬਿਕ ਵਿਸ਼ੇ ਅਧੀਨ ਕੰਮ ਦਾ ਟੈਂਡਰ ਤਖਮੀਨੇ ਨਾਲੋਂ 5% ਵਾਧੇ ਨਾਲ ਪ੍ਰਵਾਨਗੀ ਲਈ ਕੇਸ ਵਿੱਤ ਅਤੇ ਠੇਕਾ ਕਮੇਟੀ ਵਿੱਚ ਰੱਖਣ ਹਿੱਤ ਪੇਸ਼ ਹੈ ਜੀ। ਤਜਵੀਜ ਅੰਤਿਮ ਪ੍ਰਵਾਨਗੀ ਲਈ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਪੇਸ਼ ਹੈ ਜੀ।

ਮਾਨਯੋਗ ਮੇਅਰ ਜੀ ਦੇ ਆਦੇਸ਼ ਨਾਲ ਤਜ਼ਵੀਜ਼ ਵਿੱਤ ਅਤੇ ਠੇਕਾ ਕਮੇਟੀ ਵਿੱਚ ਪੇਸ਼ ਹੈ ਜੀ ।

ਫੈਸਲਾ :
ਪ੍ਰਵਾਨ ਹੈ।
ਸਹੀ/-ਜਗਦੀਸ਼ ਰਾਜ ਰਾਜਾ,
ਮੇਅਰ
23.1.2020

ਇਸ ਉਪਰੰਤ ਕਮੇਟੀ ਦੀ ਸਹਿਮਤੀ ਅਤੇ ਮੇਅਰ ਜੀ ਦੀ ਆਗਿਆ ਨਾਲ ਮੱਦ ਨੰ: 30 ਤੋਂ 33 ਤੱਕ ਅਜੰਡੇ ਦੇ ਬਾਹਰੋਂ ਲਈਆਂ ਗਈਆਂ ।

ਸਹੀ/-ਜਗਦੀਸ਼ ਰਾਜ ਰਾਜਾ, ਮੇਅਰ
23.1.2020

**ਮਤਾ ਨੰਬਰ:-30**

ਵਿਸ਼ਾ:- ਨਗਰ ਨਿਗਮ ਦੇ 80 ਵਾਰਡਾਂ ਵਿੱਚ ਸੀਵਰੇਜ਼ ਲਾਇਨਾਂ ਦੀ ਡੀ-ਸਿਲਟਿੰਗ ਵਾਸਤੇ 160 ਸੀਵਰਮੈਨ ਸਟਾਫ ਸਰਵਿਸ ਪ੍ਰੋਵਾਇਡਰ (ਆਉਟ ਸੋਰਸ) ਰਾਹੀਂ 3 ਮਹੀਨੇ ਲਈ ਰੱਖਣ ਸਬੰਧੀ। (ਈ-ਟੈਂਡਰ ਪ੍ਰਵਾਨਗੀ ਹਿੱਤ)

| | | |
|---|---|---|
| ਤਖਮੀਨਾ | ਰੁਪਏ 57,29,280/- | ਸੋਧਿਆ ਤਖਮੀਨਾ ਰੁਪਏ 56,96,000/- (80 ਦਿਨ ਵਾਸਤੇ) |
| ਟੈਂਡਰ ਮੰਗੇ | ਰੁਪਏ 57,29,280/- | ਸੇਵਿੰਗ 0.01% |
| ਟੈਂਡਰ ਅਮਾਊਂਟ | ਰੁਪਏ 57,28,707/- | ਕੁੱਲ ਪ੍ਰਾਪਤ ਟੈਂਡਰ -3 (ਪਹਿਲੀ ਬਾਰੀ) |
| ਅਜੰਸੀ ਦਾ ਨਾਮ:- | ਮੈਸਰਜ਼ ਰਮਨ ਦੱਤਾ ਠੇਕੇਦਾਰ | (ਈ.ਪੀ.ਐਫ ਨੰ: 1815345000) |
| ESI No. | 2900063790000999 | |

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਮਿਤੀ 22.1.2020 ਕਿ ਨਗਰ ਨਿਗਮ ਵਿੱਚ 60 ਵਾਰਡਾਂ ਤੋ ਵੱਧ ਕੇ 80 ਵਾਰਡ ਹੋ ਗਏ ਹਨ, ਜਿਸ ਕਾਰਨ ਇਹਨਾ 80 ਵਾਰਡਾਂ ਵਿੱਚ ਸੀਵਰੇਜ਼ ਲਾਇਨਾਂ ਦੀ ਸਫਾਈ ਦਾ ਕੰਮ ਕਰਵਾਉਣ ਵਿੱਚ ਕਾਫੀ ਮੁਸ਼ਕਿਲ ਪੇਸ਼ ਆ ਰਹੀ ਹੈ ਅਤੇ ਆਏ ਦਿਨੀ ਪਬਲਿਕ ਵੱਲੋਂ ਅਤੇ ਕੌਂਸਲਰ ਸਾਹਿਬ ਵੱਲੋਂ ਸੀਵਰੇਜ਼ ਦੀ ਸਮਸਿਆ ਸਬੰਧੀ ਸ਼ਿਕਾਇਤਾਂ ਪ੍ਰਾਪਤ ਹੁੰਦੀਆਂ ਹਨ। ਇਸ ਲਈ ਸ਼ਹਿਰ ਵਿੱਚ ਸੀਵਰ ਸਿਸਟਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸ਼ਹਿਰ ਵਿੱਚ ਸੀਵਰ ਲਾਇਨਾਂ ਦੀ ਡੀ-ਸਿਲਟਿੰਗ ਵਾਸਤੇ 160 ਸੀਵਰਮੈਨ ਸਟਾਫ ਸਰਵਿਸ ਪ੍ਰੋਵਾਇਡਰ (ਆਉਟ ਸੋਰਸ) ਰਾਹੀਂ 80 ਦਿਨ ਲਈ ਰੱਖਣ ਲਈ ਤਖਮੀਨਾ ਰੁਪਏ 57,29,280/- ਦਾ ਤਿਆਰ ਕੀਤਾ ਗਿਆ। ਮੁੱਖ ਸਕੱਤਰ ਪੰਜਾਬ ਸਰਕਾਰ/ਸਥਾਨਕ ਸਰਕਾਰ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਅਤੇ ਪੰਜਾਬ ਸਰਕਾਰ ਦੇ ਲੇਬਰ ਵਿਭਾਗ ਵੱਲੋਂ ਜਾਰੀ ਪੱਤਰ ਨੰ: ਸਟ/28009 ਮਿਤੀ 23-10-18 ਰਾਹੀਂ ਪੰਜਾਬ ਵਿੱਚ ਜ਼ੋ ਘੱਟੋ-ਘੱਟ (ਪ੍ਰਵੀਜ਼ਨਲ) ਉਜ਼ਰਤਾਂ ਮਿਤੀ 01-09-18 ਤੋ ਫਿਕਸ ਕੀਤੀਆਂ ਗਈਆਂ ਹਨ, ਅਨੁਸਾਰ ਤਖਮੀਨਾ ਰੁਪਏ 57,29,280/- ਦਾ ਤਿਆਰ ਕੀਤਾ ਗਿਆ ਸੀ। ਇਸ ਤਖਮੀਨੇ ਦੀ ਨਗਰ ਨਿਗਮ ਹਾਊਸ ਦੇ ਮਤਾ ਨੰ: 138 ਮਿਤੀ 18.10.18 ਰਾਹੀਂ ਪ੍ਰਵਾਨਗੀ ਦੇ ਦਿੱਤੀ ਗਈ ਸੀ।

ਵਿੱਤ ਵਿਭਾਗ ਪੰਜਾਬ ਦੇ ਪੱਤਰ ਨੰ: 7/74/2018-1FP1/1539232/2-3 ਮਿਤੀ 01.08.19 ਰਾਹੀਂ ਠੇਕੇਦਾਰਾਂ ਦੇ ਸਰਵਿਸ ਚਾਰਜਿਜ਼ ਨੂੰ ਰਿਵਾਈਜ਼ ਕਰਦੇ ਹੋਏ 10% ਤੋ 2.5% ਕਰ ਦਿੱਤਾ ਗਿਆ ਹੈ ਅਤੇ ਪੁਰਾਣੇ ਤਖਮੀਨੇ ਵਿੱਚ ਜੀ.ਐਸ.ਟੀ ਦਾ ਉਪਬੰਧ ਵੀ ਨਹੀ ਕੀਤਾ ਗਿਆ ਸੀ। ਵਿੱਤ ਵਿਭਾਗ ਦੇ ਪੱਤਰ ਨੂੰ ਮੁੱਖ ਰੱਖਦੇ ਹੋਏ ਇਸ ਕੰਮ ਦਾ ਸੋਧਿਆ ਤਖਮੀਨਾ ਰੁਪਏ 56,96,000/- (80 ਦਿਨਾ) ਦਾ ਤਿਆਰ ਕੀਤਾ ਗਿਆ ਹੈ। ਫਿਰ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰ ਰਾਹੀਂ ਠੇਕੇਦਾਰਾਂ ਕੋਲੋ ਮਿਤੀ 13.09.19 ਨੂੰ ਮੰਗੇ ਗਏ, ਕੁੱਲ 3 ਟੈਂਡਰ ਪ੍ਰਾਪਤ ਹੋਏ, ਜਿਹਨਾ ਦੀਆਂ ਤਕਨੀਕੀ ਬਿਡਾਂ ਟੈਕਨੀਕਲ ਬਿਡ ਇਵੈਲੁਏਸ਼ਨ ਟੀਮ ਨੇ ਚੈਕ ਕੀਤੀਆਂ, ਸਾਰੀਆਂ ਬਿਡਾਂ ਤਕਨੀਕੀ ਪੱਖੋ ਮਿਆਰ ਤੇ ਪੂਰੀਆਂ ਸਨ। ਇਸ ਲਈ ਸਾਰੀਆਂ ਵਿੱਤੀ ਬਿਡ ਖੋਲੀਆਂ ਗਈਆਂ ਅਤੇ ਤੁਲਨਾਤਮਕ ਸੂਚੀ ਤਿਆਰ ਕੀਤੀ ਗਈ। ਤੁਲਨਾਤਮਕ ਸੂਚੀ ਅਨੁਸਾਰ ਮੈਸਰਜ਼ ਰਮਨ ਦੱਤਾ ਠੇਕੇਦਾਰ ਜਲੰਧਰ ਦੇ ਰੇਟ ਸਭ ਤੋ ਘੱਟ ਪ੍ਰਾਪਤ ਹੋਏ ਸਨ।ਇਸ ਕਰਕੇ ਇਸ ਤਖਮੀਨੇ ਨੂੰ ਪ੍ਰਵਾਨ ਕਰਨ ਵਾਸਤੇ ਕੇਸ ਵਿੱਤ ਅਤੇ ਠੇਕਾ ਕਮੇਟੀ ਵਿਚ ਭੇਜਿਆ ਗਿਆ। ਜਿਸ ਵਿਚ ਕਮੇਟੀ ਵਲੋਂ ਮਤਾ ਨੰ: 161 ਮਿਤੀ 26.9.2019 ਰਾਹੀਂ ਇਹ ਮੱਦ ਲੰਬਿਤ ਰੱਖ ਦਿੱਤੀ ਗਈ।

ਇਹ ਮੱਦ ਲੰਬਿਤ ਹੋਣ ਕਾਰਨ ਠੇਕੇਦਾਰ ਮੈਸਰਜ ਰਮਨ ਦੱਤਾ ਵਲੋਂ ਆਪਣੀ ਜਮ੍ਹਾਂ ਕਰਵਾਈ ਅਰਨਸਟ ਮਨੀ ਵਾਪਿਸ ਕਰਨ ਨੂੰ ਕਿਹਾ ਜਾ ਰਿਹਾ ਹੈ। ਇਸ ਲਈ ਇਹ ਮੱਦ ਨੂੰ ਮੁੜ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਲੋੜੀਂਦੀ ਕਾਰਵਾਈ ਹਿਤ ਪੇਸ਼ ਹੈ।

ਮਾਨਯੋਗ ਮੇਅਰ ਜੀ ਦੇ ਹੁਕਮਾਂ ਨਾਲ ਇਹ ਟੈਂਡਰ ਮੁੜ੍ਹ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ:

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਇਹ ਟੈਂਡਰ ਪ੍ਰਵਾਨ ਕੀਤਾ ਜਾਂਦਾ ਹੈ।

ਸਹੀ/-ਜਗਦੀਸ਼ ਰਾਜ ਰਾਜਾ,

ਮੇਅਰ

23.1.2020

**ਮਤਾ ਨੰਬਰ:-31**

ਵਿਸ਼ਾ:- ਓ.ਐਂਡ.ਐਮ ਸ਼ਾਖਾ ਦੇ ਟਿਊਬਵੈਲਾਂ ਨਾਲ ਸਬੰਧਤ ਟੈਂਡਰ ਪ੍ਰਵਾਨ ਕਰਨ ਸਬੰਧੀ।

ਹਵਾਲਾ: ਵਿੱਤ ਅਤੇ ਠੇਕਾ ਕਮੇਟੀ ਦਾ ਮਤਾ ਨੰ: 190 ਮਿਤੀ 21.11.2019, ਉਪਰੋਕਤ ਵਿਸ਼ੇ ਸਬੰਧੀ ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦਸਿਆ ਜਾਂਦਾ ਹੈ ਕਿ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿੱਚ ਨਵੇਂ/ਰਿਪਲੇਸਮੈਂਟ ਦੇ ਲਗਾਏ ਜਾਣ ਵਾਲੇ ਟਿਊਬਵੈਲਾਂ ਦੇ ਤਖਮੀਨੇ ਓ.ਐਂਡ.ਐਮ ਸ਼ਾਖਾ ਵੱਲੋਂ ਤਿਆਰ ਕੀਤੇ ਗਏ ਸਨ, ਜਿਹਨਾ ਦੇ ਟੈਂਡਰ ਪ੍ਰਾਪਤ ਕੀਤੇ ਜਾ ਚੁਕੇ ਹਨ। ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| S. No | W. No. | Name of work | Tender Calling Amount | Name of Agency | Saving | Tender Amt. Rs. | Second Lowest (L2) Saving% | House Reso No. | Tender called (No. of times) | No of bids receive |
|---|---|---|---|---|---|---|---|---|---|---|
| 1 | 48 New | Installation of Deep Hand Bore Tubewell at Tagore Nagar Replacement | 1156598/- | ਮੈ: ਭਾਗਵਤ ਇੰਜੀਨੀਅਰ ਐਂਡ ਕੰਟਰੈਕਟਰ | 5.04% | 1098305/- | ਸੁਭਾਸ਼ ਸ਼ਰਮਾ 0.50% | 94(7) 25.06.18 | 3 | 2 |
| 2 | 16 New | Installation of Deep Hand Bore Tubewell at Guru Nanak Pura West Replacement | 1151599/- | ਮੈ: ਭਾਗਵਤ ਇੰਜੀਨੀਅਰ ਐਂਡ ਕੰਟਰੈਕਟਰ | 5.04% | 1093558/- | ਸਿੰਗਲ ਟੈਂਡਰ | 94(11) 25.06.18 | 3 | 1 |
| 3 | 57 New | Installation of Deep Hand Bore Tubewell at Prithivi Nagar Replacement | 1081599/- | ਮੈ: ਭਾਗਵਤ ਇੰਜੀਨੀਅਰ ਐਂਡ ਕੰਟਰੈਕਟਰ | 5.04% | 1027086/- | ਸੁਭਾਸ਼ ਸ਼ਰਮਾ 0.50% | 94(17) 25.06.18 | 3 | 2 |
| 4 | 68 New | Installation of Deep Hand Bore Tubewell at Bhatra Mohalla | 1071599/- | ਮੈ: ਭਾਗਵਤ ਇੰਜੀਨੀਅਰ ਐਂਡ ਕੰਟਰੈਕਟਰ | 5.03% | 1017697/- | ਸੁਭਾਸ਼ ਸ਼ਰਮਾ 0.50% | 89(11) 25.6.18 | 3 | 2 |
| 5 | 13 New | Installation of Deep Hand Bore Tubewell at Rama Mandi | 1201599/- | ਮੈ: ਭਾਗਵਤ ਇੰਜੀਨੀਅਰ ਐਂਡ ਕੰਟਰੈਕਟਰ | 5.05% | 1140918/- | ਸੁਭਾਸ਼ ਸ਼ਰਮਾ 0.50% | 89(4) 25.6.18 | 3 | 2 |
| 6 | 49 New | Installation of Deep Hand Bore Tubewell at Bindi Ghori wali Park Islamabad Replacement | 1131599/- | ਮੈ: ਭਾਗਵਤ ਇੰਜੀਨੀਅਰ ਐਂਡ ਕੰਟਰੈਕਟਰ | 5.04% | 1074566/- | ਓਮ ਇੰਟਰਪ੍ਰਾਇਸਿਜ਼ (GST Extra) 0.50% | 94(6) 25.6.18 | 3 | 2 |
| 7 | 26 New | Installation of Deep Hand Bore Tube well at U.E.II Opposite little Blossom School | 1201599/- | ਮੈ: ਭਾਗਵਤ ਇੰਜੀਨੀਅਰ ਐਂਡ ਕੰਟਰੈਕਟਰ | 5.05% | 1140918/- | ਓਮ ਇੰਟਰਪ੍ਰਾਇਸਿਜ਼ (GST Extra) 0.50% | 158(4) 18.10.18 | 3 | 2 |
| 8 | 28 New | Installation of Deep Hand Bore Tubewell at Indira Park | 1111599/- | ਮੈ: ਭਾਗਵਤ ਇੰਜੀਨੀਅਰ ਐਂਡ ਕੰਟਰੈਕਟਰ | 5.04% | 1055574/- | ਓਮ ਇੰਟਰਪ੍ਰਾਇਸਿਜ਼ (GST Extra) 0.50% | 89(7) 25.6.18 | 3 | 2 |
| 9 | 28 New | Installation of Deep Hand Bore Tubewell at Bank Colony | 1111599/- | ਮੈ: ਭਾਗਵਤ ਇੰਜੀਨੀਅਰ ਐਂਡ ਕੰਟਰੈਕਟਰ | 5.04% | 1055574/- | ਓਮ ਇੰਟਰਪ੍ਰਾਇਸਿਜ਼ (GST Extra) 0.50% | 89(8) 25.6.18 | 3 | 2 |

| | | | | | | | | | | |
|---|---|---|---|---|---|---|---|---|---|---|
| 10 | 28 New | Installation of Deep Hand Bore Tubewell at Shiv Vihar | 1111599/- | ਮੈ: ਭਾਗਵਤ ਇੰਜੀਨੀਅਰ ਐਂਡ ਕੰਟਰੈਕਟਰ | 5.04% | 1055574/- | ਓਮ ਇੰਟਰਪ੍ਰਾਇਸਿਜ਼ (GST Extra) 0.50% | 89(9) 25.6.18 | 3 | 2 |

ਉਪਰੋਕਤ 10 ਟਿਊਬਵੈਲ ਦੀਆਂ ਫਾਇਨੈਸ਼ਲ ਬਿਡਾਂ ਥੋਲਣ ਓਪਰੰਤ ਮੈ: ਭਾਗਵਤ ਇੰਜੀਨੀਅਰ ਐਂਡ ਕੰਟਰੈਕਟਰ ਵੱਲੋ ਟੈਂਡਰਾਂ ਦੇ ਰੇਟ ਘੱਟ (L 1) ਪਾਇਆ ਗਿਆ ਹੈ, ***ਪਰੰਤੂ ਟੈਡਰ ਕੰਡੀਸ਼ਨ ਅਨੁਸਾਰ ਇਸ ਠੇਕੇਦਾਰ ਨੂੰ 8 ਤੋ ਜਿਆਦਾਂ ਟਿਊਬਵੈਲ ਅਲ਼ਾਂਟ ਨਹੀ ਕੀਤੇ ਜਾ ਸਕਦੇ ਹਨ।*** ਇਸ ਲਈ ਉਪਰੋਕਤ ਅਨੁਸਾਰ ਕੰਮਾਂ ਦੇ ਟੈਡਰ ਵਿੱਤ ਅਤੇ ਠੇਕਾ ਕਮੇਟੀ ਦੇ ਸਨਮੁੱਖ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਹਵਾਲੇ ਅਧੀਨ ਮਤੇ ਰਾਹੀਂ ਪੇਸ਼ ਕੀਤੇ ਗਏ ਸਨ ਅਤੇ ਵਿਚਾਰਣ ਉਪਰੰਤ ਕਮੇਟੀ ਵਲੋਂ ਇਹ ਟੈਂਡਰ ਲੰਬਿਤ ਰੱਖੇ ਗਏ ਸਨ । ਉਕਤ ਟੈਂਡਰ ਮੁੜ੍ਹ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰਣ ਅਤੇ ਫੈਸਲੇ ਹਿੱਤ ਪੇਸ ਹਨ ਜੀ ।

ਮਾਨਯੋਗ ਮੇਅਰ ਜੀ ਦੇ ਹੁਕਮਾਂ ਨਾਲ ਇਹ ਟੈਂਡਰ ਮੁੜ੍ਹ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ:

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਟੈਂਡਰ ਕੰਡੀਸ਼ਨ ਅਨੁਸਾਰ ਲੜੀ ਨੰ: 3 ਤੋਂ 10 ਤੱਕ ਦੇ ਟੈਂਡਰ ਮੈ: ਭਾਗਵਤ ਇੰਜੀਨਿਅਰ ਐਂਡ ਕੰਟਰੈਕਟਰ ਨੂੰ ਅਲਾਟ ਕੀਤੇ ਜਾਂਦੇ ਹਨ ਅਤੇ ਲੜੀ ਨੰ: 1 ਅਤੇ 2 ਦੇ ਟੈਂਡਰ ਸੈਕੰਡ ਲੋਅਸਟ ਮੈ: ਸੁਭਾਸ਼ ਸ਼ਰਮਾ ਨੂੰ ਐਲ-1 ਦੇ ਰੇਟਾਂ (5.04%) ਤੇ ਅਲਾਟ ਕਰਨ ਦੀ ਮੰਜੂਰੀ ਦਿੱਤੀ ਜਾਂਦੀ ਹੈ ।

ਸਹੀ/-ਜਗਦੀਸ਼ ਰਾਜ ਰਾਜਾ,
ਮੇਅਰ
23.1.2020

**ਮਤਾ ਨੰਬਰ:-32**

ਵਿਸ਼ਾ:- ਰਿਪਲੇਸਮੈਂਟ ਵਾਈਰਿੰਗ, ਸਪਲਾਈ ਆਫ ਮਟੀਰਿਅਲ ਮੱਖਦੂਮਪੂਰਾ ਡਿਸਪੋਜਲ, ਸਪਲਾਈ ਆਫ ਮਟੀਰਿਅਲ ਨਿਅਰ ਐਚ.ਐਮ.ਵੀ ਕਾਲੇਜ਼ ਟਿਊਬਵੈਲ ਅਤੇ ਸਪਲਾਈ ਆਫ ਸਕਰਿਨਿੰਗ ਚੈਬਰ ਢੱਨ ਮੁੱਹਲਾ।

| | | |
|---|---|---|
| ਤਖਮੀਨਾ | ਰੁਪਏ: 2,25,659/- | ਕੁੱਲ ਪ੍ਰਾਪਤ ਵੈਲਿਡ ਟੈਂਡਰ = 4 (ਤੀਸਰੀ ਬਾਰੀ) |
| ਟੈਂਡਰ ਅਮਾਉਂਟ | ਰੁਪਏ: 2,00,836/- | ਸੇਵਿੰਗ 11% |
| ਅਜੰਸੀ ਦਾ ਨਾਮ:- | ਮੈ: ਗੁਰੂ ਨਾਨਕ ਆਟੋ ਅਜੰਸੀ | |

ਉਪਰੋਕਤ ਕੰਮ ਕਰਵਾਉਣ ਲਈ ਤਖਮੀਨਾ ਰੁਪਏ 2,25,659/- ਦੀ ਪ੍ਰਵਾਨਗੀ ਨਗਰ ਨਿਗਮ ਨੇ ਅਪਣੇ ਮਤਾ ਨੰ: 95(12), 95(16), 95(21) ਮਿਤੀ 25-06-18 ਅਤੇ 69(3) ਮਿਤੀ 06.09.17 ਰਾਹੀਂ ਦਿੱਤੀ ਸੀ।

ਇਸ ਕੰਮ ਦੇ ਟੈਂਡਰ ਪਹਿਲੀ ਬਾਰੀ ਈ-ਟੈਂਡਰਿੰਗ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਅਖਬਾਰਾਂ ਲਈ ਮਿਤੀ 24.01.19 ਅਤੇ ਦੂਸਰੀ ਬਾਰੀ ਮਿਤੀ 28.03.19 ਲਈ ਈ.ਪੀ.ਐਫ ਰਜਿਸਟਰਡ ਠੇਕੇਦਾਰਾਂ ਜਾਂ ਸੂਚੀਬੱਧ ਕੋ-ਆਪ ਐਲ.ਸੀ ਸੁਸਾਈਟੀਆਂ ਤੋ ਮੰਗੇ ਗਏ ਸਨ। ਪਰੰਤੂ ਲੋਕ ਸਭਾ ਦੀਆਂ ਚੋਣ ਜਾਬਤਾ ਹੋਣ ਕਾਰਨ ਇਹ ਟੈਂਡਰ ਅਕਸਟੈਂਡ ਕਰਕੇ ਮਿਤੀ 04.06.19 ਨੂੰ ਮੰਗੇ ਗਏ ਸਨ, ਪਰੰਤੂ ਇਹਨਾ ਕੰਮ ਵਿੱਚ ਕਿਸੇ ਵੀ ਠੇਕੇਦਾਰਾਂ ਜਾਂ ਸੁਸਾਈਟੀਆਂ ਵੱਲੋਂ ਹਿੱਸਾ ਨਹੀ ਲਿਆ ਗਿਆ।

ਇਸ ਕੰਮ ਦੇ ਟੈਂਡਰ ਤੀਸਰੀ ਬਾਰੀ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਮਿਤੀ 26.06.19 ਲਈ ਠੇਕੇਦਾਰਾਂ ਤੋ ਮੰਗੇ ਗਏ ਸਨ। ਕੁੱਲ 4 ਠੇਕੇਦਾਰਾਂ ਦੇ ਟੈਂਡਰ ਪ੍ਰਾਪਤ ਹੋਏ। ਇਹਨਾ ਠੇਕੇਦਾਰਾਂ ਦੀਆਂ ਤਕਨੀਕੀ ਬਿਡਾਂ ਪਖੋ ਮਿਆਰ ਤੇ ਪੂਰੀਆਂ ਸਨ। ਇਹਨਾ ਠੇਕੇਦਾਰਾਂ ਦੀਆਂ ਵਿੱਤੀ ਬਿਡ ਖੋਲਣ ਉਪਰੰਤ ਤੁਲਨਾਤਮਕ ਸੂਚੀ ਤਿਆਰ ਕੀਤੀ ਗਈ ਅਤੇ ਮੈ: ਗੁਰੂ ਨਾਨਕ ਆਟੋ ਅਜੰਸੀ ਦਾ ਰੇਟ ਬਾਕੀ ਅਜੰਸੀਆਂ ਨਾਲੋ ਘੱਟ ਪਾਇਆ ਗਿਆ। ਮੈ: ਗੁਰੂ ਨਾਨਕ ਆਟੋ ਅਜੰਸੀ ਨੇ 11% ਸੇਵਿੰਗ ਦਿੱਤੀ ਹੈ, ਜਿਸ ਅਨੁਸਾਰ ਤਖਮੀਨਾ ਰੁਪਏ 2,25,659/- ਦਾ ਕੰਮ ਰੁਪਏ 2,00,836/- ਵਿੱਚ ਹੋਣਾ ਸੀ। ਇਸ ਕੰਮ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰ: 128(3) ਮਿਤੀ 19.08.19 ਰਾਹੀਂ ਦਿੱਤੀ ਗਈ ਅਤੇ ਠੇਕੇਦਾਰ ਨੂੰ ਇਕਰਾਰਨਾਮਾ ਕਰਨ ਉਪਰੰਤ ਵਕਰ ਆਰਡਰ ਨੰ: ਸੀ.ਈ/ਈ.ਟੀ/137 ਮਿਤੀ 19.09.19 ਰਾਹੀਂ ਜਾਰੀ ਕਰ ਦਿੱਤਾ ਗਿਆ ਸੀ।

ਇਸ ਟੈਂਡਰ ਬਾਬਤ ਮਾਨਯੋਗ ਮੇਅਰ ਜੀ ਨੂੰ ਕਿਸੇ ਠੇਕੇਦਾਰ ਵੱਲੋਂ ਅਪਣੀ ਸ਼ਿਕਾਇਤ ਮਿਤੀ 04.09.19 ਰਾਹੀਂ ਦਰਜ ਕਰਵਾਈ ਗਈ ਸੀ।

ਇਸ ਸ਼ਿਕਾਇਤ ਤੇ ਮਾਨਯੋਗ ਮੇਅਰ ਜੀ ਵਲੋਂ ਡੀ.ਸੀ.ਐਫ.ਏ. ਸ੍ਰੀ ਰਵਿੰਦਰ ਸਿੰਘ ਪਾਸੋਂ ਟਿੱਪਣੀ ਮੰਗੀ ਗਈ। ਜਿਸ ਤੇ ਡੀ.ਸੀ.ਐਫ.ਏ. ਸ੍ਰੀ ਰਵਿੰਦਰ ਸਿੰਘ ਵਲੋਂ ਮਿਤੀ 8.11.2019 ਨੂੰ ਟਿੱਪਣੀ ਦਿੱਤੀ ਗਈ ਕਿ ਓ.ਐਂਡ ਐਮ. ਸ਼ਾਖਾ ਵਲੋਂ ਜੋ ਵਿਧੀ ਅਪਣਾਈ ਗਈ ਹੈ ਉਹ ਉਚਿਤ ਨਹੀਂ ਹੈ। ਕਰਾਏ ਜਾਣ ਵਾਲੇ ਕੰਮਾਂ ਅਤੇ ਨਗਰ ਨਿਗਮ ਕੋਲ ਉਪਲੱਭਧ ਸਟਾਫ ਤੋਂ ਜਾਹਰ ਹੈ ਕਿ ਇਹ ਸਾਰੇ ਕੰਮ ਠੇਕੇਦਾਰ ਵਲੋਂ ਹੀ ਕੀਤੇ ਜਾਣੇ ਹਨ। ਇਸ ਲਈ ਸ਼ਿਕਾਇਤ ਕਰਤਾ ਦਾ ਬਿਨੈਪੱਤਰ ਵਾਜਬ ਲੱਗਦਾ ਹੈ। ਨਗਰ ਨਿਗਮ ਦੇ ਵਿੱਤੀ ਹਿਤ ਹੋਵੇਗਾ ਜੇਕਰ ਜਿਆਦਾ ਠੇਕੇਦਾਰਾਂ ਵਲੋਂ ਟੈਂਡਰ ਪਾਏ ਜਾਂਦੇ ਹਨ। ਇਸ ਟਿੱਪਣੀ ਉਪਰੰਤ ਮੇਅਰ ਜੀ ਨੇ ਐਕਸ਼ਨ ਟੇਕਨ ਰਿਪੋਰਟ ਦੀ ਮੰਗ ਕੀਤੀ ਹੈ। ਨਿਗਰਾਨ ਇੰਜੀਨੀਅਰ ਓ.ਐਂਡ ਐਮ.) ਵਲੋਂ ਮਿਤੀ 11.12.2019 ਨੂੰ ਲਿਖਿਆ ਹੈ ਕਿ ਉਪਰੋਕਤ ਦਰਸਾਏ ਗਏ ਸਾਰੇ ਕੰਮਾਂ ਦੇ ਟੈਂਡਰਾਂ ਵਿਚ ਨਗਰ ਨਿਗਮ ਵਲੋਂ ਸਪਲਾਈ ਦਾ ਕੰਮ ਹੈ ਅਤੇ ਨਗਰ ਨਿਗਮ ਵਲੋਂ ਆਪਣੇ ਪੱਧਰ ਤੇ ਮਟੀਰੀਅਲ ਦੀ ਫਿਕਸਿੰਗ ਕਰਵਾਈ ਜਾਣੀ ਹੈ। ਇਥੇ ਇਹ ਵੀ ਦੱਸਿਆ ਜਾਂਦਾ ਹੈ ਕਿ ਇਹਨਾਂ ਸਾਰੇ ਕੰਮਾਂ ਦੇ ਅਲੱਗ-ਅਲੱਗ ਟੈਂਡਰ ਲਗਾਉਣ ਦੀ ਬਜਾਏ ਇਹਨਾਂ ਨੂੰ ਇੱਕਠਾ ਲਗਾਇਆ ਗਿਆ ਸੀ ਤਾਂ ਜ਼ੋ ਵੱਧ ਤੋਂ ਵੱਧ ਸੇਵਿੰਗ ਪ੍ਰਾਪਤ ਹੋ ਸਕੇ। ਇਥੇ ਇਹ ਵੀ ਦੱਸਿਆ ਜਾਂਦਾ ਹੈ ਕਿ ਇਹ ਕੰਮ ਅਜੇ ਨਹੀਂ ਕਰਵਾਏ ਗਏ। ਇੰਕੁਆਈਰੀ ਦੀ ਰਿਪੋਰਟ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਲੋੜੀਂਦੀ ਕਾਰਵਾਈ ਹਿੱਤ ਪੇਸ਼ ਹੈ ।

ਮਾਨਯੋਗ ਮੇਅਰ ਜੀ ਦੇ ਆਦੇਸ਼ਾਂ ਨਾਲ ਮਾਮਲਾ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਣ ਹਿਤ ਪੇਸ਼ ਹੈ।

ਫੈਸਲਾ :

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਇਹਨਾਂ ਕੰਮਾਂ ਦਾ ਵਰਕ ਆਰਡਰ ਰੱਦ ਕੀਤਾ ਜਾਂਦਾ ਹੈ ਅਤੇ ਇਹਨਾਂ ਕੰਮਾਂ ਦੇ ਦੁਬਾਰਾ ਟੈਂਡਰ ਮੰਗੇ ਜਾਣ।

ਸਹੀ/-ਜਗਦੀਸ਼ ਰਾਜ ਰਾਜਾ,
ਮੇਅਰ
23.1.2020

**ਮਤਾ ਨੰਬਰ:-33**

ਵਿਸ਼ਾ :- ਕੰਸਟਰਕਸ਼ਨ ਆਫ ਰੋਡ ਆਫ ਸਿਧਾਰਥ ਨਗਰ ਅਪਟੂ ਡਬਲਯੂ ਬੀ.ਐਮ. ਲੇਇੰਗ ਆਫ ਬੀ.ਐਮ.ਪੀ.ਸੀ. (ਸਾਈਟ ਤਬਦੀਲ ਕਰਨ ਸਬੰਧੀ)

ਪੜ੍ਹਿਆ ਨੋਟ ਦਫਤਰੀ ਨੋਟ (ਬੀ.ਐਂਡ ਆਰ.) ਮਿਤੀ 20.1.2020 ਜਿਸ ਦੀ ਸਿਫਾਰਸ਼ ਨਿਗਰਾਨ ਇੰਜੀਨੀਅਰ (ਬੀ.ਐਂਡ.ਆਰ) ਨੇ ਕੀਤੀ ਹੈ ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਮਾਣਯੋਗ ਸੀਨੀਅਰ ਡਿਪਟੀ ਮੇਅਰ ਜੀ ਵੱਲੋ ਕਿਹਾ ਗਿਆ ਹੈ ਕਿ ਸਿਧਾਰਥ ਨਗਰ ਦਾ ਉਕਤ ਵਿਸ਼ੇ ਅਧੀਨ ਕੰਮ ਨਗਰ ਨਿਗਮ ਵੱਲੋ ਪਾਸ ਹੈ। ਸਿਧਾਰਥ ਨਗਰ ਇਲਾਕੇ ਦੀਆਂ ਗਲੀਆਂ ਵਿੱਚ ਪਹਿਲਾ ਹੀ ਵਿਕਾਸ ਦੇ ਕੰਮ ਸ਼ੁਰੂ ਹੋ ਚੁੱਕੇ ਹਨ। ਇਸ ਲਈ ਇਸ ਕੰਮ ਦੀ ਸਾਈਟ ਤਬਦੀਲ ਕਰਕੇ ਮਾਡਲ ਹਾਊਸ ਦੀਆਂ ਗਲੀਆਂ ਜ਼ੋ ਕਿ ਵਾਰਡ ਨੰ: 39 ਦਾ ਹਿੱਸਾ ਹੈ, ਬਣਾ ਦਿੱਤੀਆ ਜਾਣ।

ਇੱਥੇ ਇਹ ਦੱਸਣਾ ਵੀ ਜਰੂਰੀ ਹੈ ਕਿ ਇਹ ਕੰਮ ਮੈਸ: ਸਤੀਸ਼ ਅਗਰਵਾਲ ਐਂਡ ਕੰਪਨੀ ਨੂੰ ਅਲਾਟ ਕੀਤਾ ਹੋਇਆ ਹੈ, ਅਤੇ ਇਹ ਕੰਮ ਮੌਕੇ ਤੇ ਸ਼ੁਰੂ ਨਹੀਂ ਕਰਵਾਇਆ ਗਿਆ ਹੈ। ਵਾਰਡ ਨੰ: 39 ਵਿੱਚ ਪੈਂਦੇ ਮਾਡਲ ਹਾਊਸ ਦਾ ਇਲਾਕਾ ਅਪਰੂਵਡ ਏਰੀਏ ਅਧੀਨ ਆਉਂਦਾ ਹੈ। ਕ੍ਰਿਪਾ ਕਰਕੇ ਇਸ ਕੰਮ ਦੀ ਸਾਈਟ ਤਬਦੀਲ ਕਰਕੇ ਇਹ ਕੰਮ ਮਾਡਲ ਹਾਊਸ ਵਿਖੇ ਕਰਵਾਉਣ ਲਈ ਐਫ.ਐਂਡ.ਸੀ.ਸੀ . ਕਮੇਟੀ ਦੀ ਪ੍ਰਵਾਨਗੀ ਲੈਣੀ ਯੋਗ ਹੋਵੇਗੀ।

ਮਾਨਯੋਗ ਮੇਅਰ ਜੀ ਦੇ ਹੁਕਮ ਮਿਤੀ 23.1.2020 ਰਾਹੀਂ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਵਿਚ ਪ੍ਰਵਾਨਗੀ ਹਿਤ ਪੇਸ਼ ਹੈ।

ਫੈਸਲਾ :

ਪ੍ਰਵਾਨ ਹੈ।

ਸਹੀ/-ਜਗਦੀਸ਼ ਰਾਜ ਰਾਜਾ,

ਮੇਅਰ

23.1.2020